# ਭਾਗ-1

## (ਭੂਗੋਲ) ਪਾਠ-1

## ਸਾਧਨ

## ਜਮਾਤ- ਅੱਠਵੀਂ

ਪ੍ਰਸ਼ਨ: ਕੁਦਰਤੀ ਸਾਧਨ ਕਿਹੜੇ ਹਨ ਅਤੇ ਇਹ ਸਾਨੂੰ ਕੌਣ ਪ੍ਰਦਾਨ ਕਰਵਾਉਂਦਾ ਹੈ?

ਉੱਤਰ: ਜੰਗਲ, ਦਰਿਆ, ਖਣਿਜ ਪਦਾਰਥ,ਸੂਰਜੀ ਸ਼ਕਤੀ,ਸਮੁੰਦਰ ਆਦਿ ਕੁਦਰਤੀ ਸਾਧਨ ਹਨ1 ਇਹ ਸਾਨੂੰ ਕੁਦਰਤ ਪ੍ਰਦਾਨ ਕਰਦੀ ਹੈ1

ਪ੍ਰਸ਼ਨ: ਸਾਧਨਾਂ ਦੀਆਂ ਕਿਸਮਾਂ ਦੀ ਸੂਚੀ ਬਣਾਓ1

ਉੱਤਰ: ਸਾਧਨਾਂ ਦੀਆਂ ਕਿਸਮਾਂ ਨਿਮਨਲਿਖਿਤ ਹਨ:

1. ਜੀਵ ਅਤੇ ਨਰਜੀਵ ਸਾਧਨ

2.ਵਿਕਸਤ ਅਤੇ ਸੰਭਾਵਤ ਸਾਧਨ

3.ਮੁਕਣਯੋਗ ਅਤੇ ਨਾ ਮੁਕਣਯੋਗ ਸਾਧਨ

4.ਮਿੱਟੀ ਅਤੇ ਭੂਮੀ ਸਾਧਨ

5.ਸਮੁੰਦਰ ਅਤੇ ਖਣਿਜ ਪਦਾਰਥ

6.ਮਨੁੱਖੀ ਸਾਧਨ

ਪ੍ਰਸ਼ਨ: ਮਿੱਟੀ ਦੀ ਪ੍ਰੀਭਾਸ਼ਾ ਦਿਓ1

ਉੱਤਰ: ਮਿੱਟੀ ਧਰਤੀ ਦੀ ਸਭ ਤੋਂ ਉਪਰਲੀ ਪਰਤ ਹੈ ਜੋ ਕਈ ਪ੍ਰਕਾਰ ਦੇ ਸੈਲਾਂ ਤੋਂ ਬਣੀ ਹੁੰਦੀ ਹੈ1

ਪ੍ਰਸ਼ਨ: ਸਮੁੰਦਰ ਤੋਂ ਸਾਨੂੰ ਕੀ -ਕੀ ਪ੍ਰਾਪਤ ਹੁੰਦਾ ਹੈ?

ਉੱਤਰ: ਸਮੁੰਦਰ ਤੋਂ ਸਾਨੂੰ ਵੱਡੀ ਮਾਤਰਾ ਵਿੱਚ ਮੱਛੀਆਂ ,ਘੋਗੇ,ਸਿੱਪੀਆਂ,ਹੀਰੇ-ਜਵਾਹਰ ਆਦਿ ਪ੍ਰਾਪਤ ਹੁੰਦੇ ਹਨ1

ਪ੍ਰਸ਼ਨ: ਸਾਧਨਾਂ ਦੀ ਸਹੀ ਸੰਭਾਲ ਕਿਵੇਂ ਹੋ ਸਕਦੀ ਹੈ?

ਉੱਤਰ: ਸਾਧਨਾਂ ਦੀ ਵਰਤੋਂ ਇਸ ਪ੍ਰਕਾਰ ਹੋਣੀ ਚਾਹੀਦੀ ਹੈ ਕਿ ਇਹ ਵਿਅੱਰਥ ਨਾ ਜਾਣ1ਇਹਨਾਂ ਦੀ ਵਰਤੋਂ ਲਈ ਨਿਯਮ ਬਣਾਏ ਜਾਣੇ ਚਾਹੀਦੇ ਹਨ1

50-60 ਸ਼ਬਦਾਂ ਵਿੱਚ ਉੱਤਰ ਦਿਓ:

ਪ੍ਰਸ਼ਨ :ਜੀਵ ਅਤੇ ਨਿਰਜੀਵ ਵਿੱਚ ਅੰਤਰ ਸਪੱਸ਼ਟ ਕਰੋ1

ਉੱਤਰ: ਜੀਵ ਸਾਧਨ: ਇਹ ਜਾਨਦਾਰ ਵਸਤਾਂ ਤੋਂ ਉਤਪਨ ਹੁੰਦੇ ਹਨ ਉਦਾਹਣ ਦੇ ਤੌਰ ਤੇ ਜੀਵ-ਜੰਤੂ ਅਤੇ ਪੌਦੇ1 ਕੋਲਾ ਅਤੇ ਤੇਲ ਪਦਾਰਥ ਵੀ ਜੀਵ ਸਾਧਨਾ ਦੀ ਸ਼ੇਣੀ ਵਿੱਚ ਆਉਂਦੇ ਹਨ1

ਨਿਰਜੀਵ ਸਾਧਨ : ਇਹ ਕੁਦਰਤ ਤੋਂ ਪ੍ਰਾਪਤ ਪਦਾਰਥ ਹੁੰਦੇ ਹਨ ਜਿਵੇਂ : ਖਣਿਜ ਪਦਾਰਥ,ਸੂਰਜ, ਪਾਣੀ ਆਦਿ1

ਪ੍ਰਸ਼ਨ:ਭੂਮੀ ਅਤੇ ਮਿੱਟੀ ਸਾਧਨਾਂ ਦੀ ਮੱਹਤਤਾ ਤੇ ਨੋਟ ਲਿਖੋ1

ਉੱਤਰ:ਭੂਮੀ ਸਾਧਨ: ਇਹਨਾਂ ਦੀ ਵਰਤੋਂ ਮਨੁੱਖ ਖੇਤੀਬਾੜੀ ਕਰਨ,ਉਦਯੋਗ ਲਗਾਉਣ,ਆਵਾਜਾਈ ਸਾਧਨ ਵਿਕਸਤ ਕਰਨ,ਖੇਡਾਂ ਖੇਡਣ,ਸੈਰ -ਸਪਾਟੇ ਆਦਿ ਕੰਮਾਂ ਲਈ ਕੀਤੀ ਜਾਂਦੀ ਹੈ1

ਮਿੱਟੀ ਸਾਧਨ:ਇਹ ਪੌਦਿਆਂ ਅਤੇ ਫਸਲਾਂ ਨੂੰ ਉਗਾਉਣ ਵਿੱਚ ਮਹੱਤਵਪੂਰਣ ਰੋਲ ਅਦਾ ਕਰਦੀ ਹੈ1 ਇਸ ਤੋਂ ਬਿਨਾ ਮਨੁੱਖੀ ਜੀਵਨ ਸੰਭਵ ਨਹੀਂ ਹੈ1

ਪ੍ਰਸ਼ਨ: ਖਣਿਜ ਪਦਾਰਥ ਸਾਨੂੰ ਕਿਥੋਂ ਪ੍ਰਾਪਤ ਹੁੰਦੇ ਹਨ ਅਤੇ ਇਹਨਾਂ ਦੀ ਵਰਤੋਂ ਕਿਥੇ ਕੀਤੀ ਜਾਂਦੀ ਹੈ?

ਉੱਤਰ: ਖਣਿਜ ਪਦਾਰਥ ਧਰਤੀ ਵਿੱਚੋਂ ਪ੍ਰਾਪਤ ਹੁੰਦੇ ਹਨ1 ਇਹ ਦੋ ਤਰਾਂ ਦੇ ਹੁੰਦੇ ਹਨ:

1.ਧਾਤੂ 2. ਅਧਾਤੂ

ਧਾਤੂ : ਇਹਨਾਂ ਵਿੱਚ ਲੋਹਾ, ਤਾਂਬਾ,ਚਾਂਦੀ, ਸੋਨਾ , ਐਲੂਮੀਨੀਅਮ ਆਦਿ ਸਾਮਿਲ ਹੁੰਦੇ ਹਨ1

ਅਧਾਤੂ : ਇਹਨਾਂ ਵਿੱਚ ਪੈਟਰੋਲੀਅਮ ,ਕੋਲਾ,ਅਬਰਕ,ਮੈਗਜੀਨ ਆਦਿ ਸ਼ਾਮਿਲ ਹਨ1

ਪ੍ਰਸ਼ਨ: ਵਿਕਸਤ ਅਤੇ ਸੰਭਾਵਿਤ ਸ਼ਾਧਨਾਂ ਨੂੰ ਉਦਾਹਰਨਾਂ ਸਾਹਿਤ ਸਮਝਾਓ1

ਉੱਤਰ: ਜਿਹੜੇ ਸਾਧਨ ਕਿਸੇ ਲਾਭਦਾਇਕ ਆਰਿਥਕ ਉਦੇਸ ਲਈ ਵਰਤੇ ਜਾਂਦੇ ਹਨ ਉਹਨਾਂ ਨੂੰ ਵਿਕਸਤ ਸਾਧਨ ਕਿਹਾ ਜਾਂਦਾ ਹੈ1ਇਹਨਾਂ ਦੀਆਂ ਉਦਹਰਨਾਂ ਹਨ:ਸੋਨਾ, ਚਾਂਦੀ,ਕੋਲਾ , ਪਟਰੋਲੀਅਮ, ਜੰਗਲ, ਪਾਣੀ, ਸੂਰਜੀ ਸ਼ਕਤੀ ਆਦਿ1

ਜਿਹੜੇ ਸਾਧਨ ਮੌਜੂਦ ਹਨ ਪਰ ਉਹਨਾਂ ਦੀ ਕੋਈ ਵਰਤੋਂ ਨਹੀ ਹੋ ਰਹੀ ਉਹਨਾਂ ਨੂੰ ਸੰਭਾਵਿਤ ਸਾਧਨ ਕਿਹਾ ਜਾਂਦਾ ਹੈ1ਪਹਾੜੀਆਂ ਤੋਂ ਆਓਂਦਾ ਪਾਣੀ ਅਤੇ ਧਰਤੀ ਹੇਠ ਦੱਬਿਆ ਕੋਲਾ ਸੰਭਾਵਿਤ ਸਾਧਨ

ਹਨ1

ਪ੍ਰਸ਼ਨ: ਮੁਕਣਯੋਗ ਸਾਧਨਾਂ ਦੀ ਵਰਤੋਂ ਸਾਨੂੰ ਸਮਝਦਾਰੀ ਅਤੇ ਸੰਕੋਚ ਨਾਲ ਕਿਉਂ ਕਰਨੀ ਚਾਹੀਦੀ ਹੈ?

ਉੱਤਰ: ਮੁਕਣਯੋਗ ਸਾਧਨਾਂ ਦੀ ਵੱਡੀ ਮਾਤਰਾ ਵਿੱਚ ਵਰਤੋਂ ਨਾਲ ਇਹਨਾਂ ਵਿੱਚ ਕਮੀ ਹੋ ਜਾਵੇਗੀ ਜਾਂ ਇਹ ਖਤਮ ਹੋ ਜਾਣਗੇ1ਇਸ ਲਈ ਸਾਨੂੰ ਇਹਨਾਂ ਦੀ ਵਰਤੋਂ ਬੜੀ ਸਮਝਦਾਰੀ ਨਾਲ ਕਰਨੀ ਚਾਹੀਦੀ ਹੈ1

## ਪਾਠ -2

## ਕੁਦਰਤੀ ਸਾਧਨ

ਪ੍ਰਸ਼ਨ: ਭੂਮੀ ਨੂੰ ਮੁੱਖ ਤੌਰ ਤੇ ਕਿਹੜੇ -ਕਿਹੜੇ ਧਰਾਤਲੀ ਭਾਗਾਂ ਵਿੱਚ ਵੰਡਿਆ ਜਾਂਦਾ ਹੈ?

ਉੱਤਰ : ਭੂਮੀ ਨੂੰ ਮੁੱਖ ਤੌਰ ਤੇ ਪਰਬਤ ,ਪਠਾਰ ਅਤੇ ਮੈਦਾਨ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ1

ਪ੍ਰਸ਼ਨ: ਮੈਦਾਨਾਂ ਦਾ ਕੀ ਮਹੱਤਵ ਹੈ ?

ਉੱਤਰ: ਮੈਦਾਨ ਮਨੁੱਖ ਦੀਆਂ ਅਨੇਕ ਲੋੜਾਂ ਪੂਰੀਆਂ ਕਰਦੀਆਂ ਹਨ1ਖੇਤੀਬਾੜੀ ਤੇ ਬਨਸਪਤੀ ਦੇ ਪੱਖੋਂ ਮੈਦਾਨਾਂ ਦੀ ਭਾਰੀ ਮਹੱਤਤਾ ਹੈ1

ਪ੍ਰਸ਼ਨ:ਭਾਰਤ ਵਿੱਚ ਕਿੰਨੀ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ?

ਉੱਤਰ: ਭਾਰਤ ਵਿੱਚ ਛੇ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ :

1.ਜਲੋਢ ਮਿੱਟੀ 2. ਲ਼ਾਲ ਮਿੱਟੀ 3.ਕਾਲੀ ਮਿੱਟੀ 4.ਲੈਟਰਾਈਟ ਮਿੱਟੀ 5.ਜੰਗਲੀ ਮਿੱਟੀ ਅਤੇ ਪਰਬਤੀ ਮਿੱਟੀ 6.ਮਾਰੂਥਲੀ ਮਿੱਟੀ

ਪ੍ਰਸ਼ਨ: ਕਾਲੀ ਮਿੱਟੀ ‘ਤੇ ਕਿਹੜੀਆਂ-ਕਿਹੜੀਆਂ ਫਸਲਾਂ ਉਗਾਈਆ ਜਾ ਸਕਦੀਆਂ ਹਨ?

ਉੱਤਰ: ਕਪਾਹ,ਕਣਕ,ਜਵਾਰ,ਅਲਸੀ,ਤੰਬਾਕੂ,ਸੂਰਜਮੁਖੀ ਅਦਿ 1

ਪ੍ਰਸ਼ਨ: ਪਾਣੀ ਦੇ ਸੋਮਿਆਂ ਦੇ ਨਾਂ ਲਿਖੋ1

ਉੱਤਰ:ਪਾਣੀ ਦੇ ਮੁੱਖ ਸੁਮੇ ਹਨ:ਵਰਖਾ,ਦਰਿਆ ਅਤੇ ਨਦੀਆਂ ,ਤਲਾਬ ਅਤੇ ਧਰਤੀ ਹੇਠਲਾ ਪਾਣੀ1

ਪ੍ਰਸ਼ਨ:ਕੁਦਰਤੀ ਬਨਸਪਤੀ ਤੋਂ ਮਨੁੱਖ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ:ਕੁਦਰਤੀ ਬਨਸਪਤੀ ਨੂੰ ਜੰਗਲਾਂ ਦਾ ਨਾਮ ਵੀ ਦਿੱਤਾ ਜਾਂਦਾ ਹੈ1ਕੁਦਰਤੀ ਬਨਸਪਤੀ ਤੋਂ ਲੱਕੜ , ਫਲ,ਦਵਾਈਆਂ ਅਤੇ ਹੋਰ ਪਦਾਰਥ ਪ੍ਰਾਪਤ ਹੁੰਦੇ ਹਨ1 ਇਹ ਵਰਖਾ ਲਿਆਉਣ ਵਿੱਚ ਵੀ ਲਾਭਦਾਇਕ

ਹੈ1

ਪ੍ਰਸ਼ਨ:ਪ੍ਰਵਾਸੀ ਪੰਛੀ ਕੀ ਹਨ ਅਤੇ ਇਹ ਕਿਥੋਂ ਆਉਂਦੇ ਹਨ?

ਉੱਤਰ: ਜਿਹੜੇ ਪੰਛੀ ਸਰਦੀਆਂ ਦੇ ਮੌਸਮ ਵਿੱਚ ਠੰਡੇ ਦੇਸ਼ਾਂ ਤੋਂ ਆਉਂਦੇ ਹਨ ਉਹਨਾਂ ਨੂੰ ਪ੍ਰਵਾਸੀ ਪੰਛੀ ਆਖਦੇ ਹਨ1ਇਹ ਸਾਈਬ੍ਰੇਰੀਆ ਤੇ ਚੀਨ ਤੋਂ ਆਉਂਦੇ ਹਨ1

50-60 ਸ਼ਬਦਾਂ ਵਿੱਚ ਉੱਤਰ ਦਿਓ:

ਪ੍ਰਸ਼ਨ:ਮਿੱਟੀ ਦੀਆਂ ਕਿਸਮਾਂ ਵਿੱਚੋਂ ਜਲੋਢ ਮਿੱਟੀ ਬਾਰੇ ਲਿਖੋ1

ਉੱਤਰ:ਜਲੋਢ ਮਿੱਟੀ ਦੇਸ਼ ਵਿੱਚੋਂ 45% ਹਿੱਸੇ ਵਿੱਚ ਪਾਈ ਜਾਂਦੀ ਹੈ1 ਇਹ ਮਿੱਟੀ ਸਾਡੀ ਖੇਤੀਬਾੜੀ ਨੂੰ ਪ੍ਰਫੁੱਲਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ1ਇਹ ਭਾਰਤ ਦੇ ਉੱਤਰੀ ਮੈਦਾਨਾਂ ਵਿੱਚ ਮਿਲਦੀ ਹੈ1

ਪ੍ਰਸ਼ਨ:ਮਿੱਟੀ ਸਾਧਨਾਂ ਦੀ ਸਾਂਭ -ਸ਼ੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

ਉੱਤਰ: ਮਿੱਟੀ ਨੂੰ ਖੁਰਣ ਤੋਂ ਬਚਾਉਣਾ ਚਾਹੀਦਾ ਹੈ1ਪਹਾੜਾਂ ਦੀਆਂ ਢਲਾਣਾ ‘ਤੇ ਰੁੱਖ ਤੇ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਪਾਣੀ ਦੇ ਤੇਜ ਵਹਾ ਨੂੰ ਰੋਕਿਆ ਜਾ ਸਕੇ1ਹੜਾਂ ਨੂੰ ਨਦੀਆਂ ਤੇ ਬੰਨ੍ਹ ਲਗਾ ਕੇ ਰੋਕਣਾ ਚਾਹੀਦਾ ਹੈ1ਖੇਤੀ ਲਾਈ ਚੰਗੇ ਤਰੀਕੇ ਅਪਣਾਉਣੇ ਚਾਹੀਦੇ ਹਨ1

ਪ੍ਰਸ਼ਨ: ਪਾਣੀ ਦੇ ਸੋਮਿਆਂ ਵਿਚੋਂ ਦਰਿਆਂ ਅਤੇ ਨਦੀਆਂ ਦੀ ਮਹੱਤਤਾ ਬਾਰੇ ਲਿਖੋ1

ਉੱਤਰ:ਦਰਿਆਵਾਂ ਅਤੇ ਨਦੀਆਂ ਦਾ ਮਨੁੱਖ ਦੇ ਵਿਕਾਸ ਵਿੱਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਮਹੱਤਵਪੂਰਣ ਯੋਗਦਾਨ ਰਿਹਾ ਹੈ1ਮਨੁੱਖ ਨੇ ਨਦੀਆਂ ਅਤੇ ਦਰਿਆਵਾਂ ਉਪਰ ਬੰਨ੍ਹ ਲਗਾ ਕੇ ਆਪਣੀਆਂ ਜਰੂਰਤਾਂ ਦੀ ਪੂਰਤੀ ਲਈ ਨਹਿਰਾਂ ਦਾ ਨਿਰਮਾਣ ਕੀਤਾ1ਇਹਨਾਂ ਨਹਿਰਾਂ ਦਾ ਪਾਣੀ ਖੇਤੀਬਾੜੀ ਲਈ ਸਿੰਚਾਈ ਅਤੇ ਹੋਰ ਕੰਮਾਂ ਲਈ ਮਨੁੱਖ ਨੇ ਵਰਤਿਆ1

ਪ੍ਰਸ਼ਨ: ਪਾਣੀ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

ਉੱਤਰ: ਪਾਣੀ ਤੋਂ ਬਿਨਾਂ ਜੀਵ ਜਗਤ ਅਤੇ ਬਨਸਪਤੀ ਦਾ ਜੀਵਤ ਰਹਿਣਾ ਅਸੰਭਵ ਹੈ1ਪਾਣੀ ਦੀ ਸੰਭਾਲ ਜਰੂਰੀ ਹੈ1ਪਾਣੀ ਦੀ ਲੋੜ ਤੋਂ ਵੱਧ ਵਰਤੋਂ ਨਹੀਂ ਕਰਨੀ ਚਾਹੀਦੀ ਹੈ 1ਸਿੰਚਾਈ ਲਈ ਨਵੇਂ ਤਰੀਕਿਆਂ ਫੁਹਾਰੇ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ1 ਵਰਖਾ ਦੇ ਪਾਣੀ ਨੂੰ ਜਮੀਨੀ ਬੋਰਾਂ ਰਾਹੀ ਜਮੀਨੀ ਪਾਣੀ ਦਾ ਪੱਧਰ ਉੱਚਾ ਚੁੱਕਣ ਵਾਸਤੇ ਵਰਤਿਆ ਜਾ ਸਕਦਾ ਹੈ1

ਪ੍ਰਸ਼ਨ: ਪੱਤਝੜੀ ਜੰਗਲਾਂ ਤੇ ਨੋਟ ਲਿਖੋ1

ਉੱਤਰ: ਪੱਤਝੜੀ ਜੰਗਲ ਉਹ ਜੰਗਲ ਹਨ ਜਿੰਨਾਂ ਦੇ ਦਰੱਖਤਾਂ ਦੇ ਪੱਤੇ ਇੱਕ ਮੌਸਮ ਵਿੱਚ ਝੱੜ ਜਾਂਦੇ ਹਨ1ਬਸੰਤ ਰੁੱਤ ਵਿੱਚ ਦੁਬਾਰਾ ਆ ਜਾਂਦੇ ਹਨ1ਇਸ ਕਿਸਮ ਦੀ ਬਨਸਪਤੀ ਦੱਖਣੀ ਭਾਰਤ ਵਿੱਚ ਜਿਆਦਾ ਮਿਲਦੀ ਹੈ1

ਪ੍ਰਸਨ:ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ-ਸੰਭਾਲ ਲਈ ਭਾਰਤ ਰਰਕਾਰ ਨੇ ਕੀ-ਕੀ ਕਦਮ ਉਠਾਏ ਹਨ?

ਉੱਤਰ:ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ- ਸ਼ੰਭਾਲ ਭਾਰਤ ਸਰਕਾ ਨੇ ਕਈ ਉਪਰਾਲੇ ਕੀਤੇ ਹਨ1ਇਸ ਸਬੰਧ ਵਿੱਚ ਸੰਨ 1952 ਵਿੱਚ ਜੰਗਲੀ ਜੀਵਾਂ ਲਈ ਭਾਰਤੀ ਬੋਰਡ ਦੀ ਸਥਾਪਨਾ ਹੋਈ1ਇਸ ਬੋਰਡ ਵੱਲੋਂ ਜੰਗਲੀ ਜੀਵਾਂ ਨੂੰ ਬਚਾਉਣ ਲਈ ਕਈ ਪ੍ਰੋਗਰਾਮ ਚਲਏ ਜਾ ਰਹੇ ਹਨ1ਬਹੁਤ ਸਾਰੀਆਂ ਕੌਮੀ ਪਾਰਕਾਂ ਅਤੇ ਜੰਗਲੀ ਜੀਵ ਪਨਹਗਾਹਾਂ ਦਾ ਪ੍ਰਬੰਧ ਕੀਤਾ ਗਿਆ ਹੈ1ਹੁਣ ਤੱਕ ਦੇਸ਼ ਵਿੱਚ 89 ਕੌਮੀ ਪਾਰਕ ਅਤੇ 490 ਜੀਵ ਪਨਾਹਗਾਹ ਬਣਾਈਆਂ ਜਾ ਚੁੱਕੀਆਂ ਹਨ1

## ਪਾਠ -3

## ਖਣਿਜ ਅਤੇ ਸ਼ਕਤੀ ਸਾਧਨ

ਪ੍ਰਸ਼ਨ: ਖਣਿਜ ਪਦਾਰਥਾਂ ਦੀ ਪਰਿਭਾਸਾ ਲਿਖੋ1

ਉੱਤਰ: ਖਣਿਜ ਪਦਾਰਥ ਉਹ ਕੁਦਰਤੀ ਪਦਾਰਥ ਹਨ ਜਿਹੜੇ ਇੱਕ ਜਾਂ ਜਿਆਦਾ ਤੱਤਾਂ ਤੋਂ ਬਣੇ ਹੁੰਦੇ ਹਨ ਅਤੇ ਧਰਤੀ ਵਿੱਚੋਂ ਨਿਕਲਦੇ ਹਨ1

ਪ੍ਰਸ਼ਨ: ਭਾਰਤ ਵਿੱਚ ਕੱਚਾ ਲੋਹਾ ਕਿੱਥੇ-ਕਿੱਥੇ ਮਿਲਦਾ ਹੈ?

ਉੱਤਰ: ਭਾਰਤ ਵਿੱਚ ਕੱਚਾ ਲੋਹਾ ਬਿਹਾਰ ,ਉੜੀਸਾ ,ਮੱਧ ਪ੍ਰਦੇਸ਼ ,ਗੋਆ, ਆਂਧਰਾ ਪ੍ਰਦੇਸ਼,ਛੱਤੀਸਗੜ੍ਹ,ਝਾੜਖੰਡ ,ਤਾਮਿਲਨਾਡੂ ਆਦਿ ਵਿੱਚ ਮਿਲਦਾ ਹੈ1

ਪ੍ਰਸ਼ਨ: ਤਾਂਬੇ ਦੀ ਵਰਤੋਂ ਕਿੱਥੇ-ਕਿੱਥੇ ਕੀਤੀ ਜਾਂਦੀ ਹੈ?

ਉੱਤਰ:ਤਾਂਬੇ ਦੀ ਵਰਤੋਂ ਭਾਂਡੇ, ਸਿੱਕੇ, ਬਿਜਲੀ ਦੀਆਂ ਤਾਰਾਂ ਅਤੇ ਹੋਰ ਬਿਜਲੀ ਉਪਕਰਨ ਬਣਾਉਣ ਵਿੱਚ ਕੀਤੀ ਜਾਂਦੀ ਹੈ1

ਪ੍ਰਸ਼ਨ: ਭਾਰਤ ਵਿੱਚ ਸੋਨਾ ਪੈਦਾਂ ਕਰਨ ਵਾਲੀਆਂ ਖਾਣਾ ਦੇ ਨਾਂ ਲਿਖੋ1

ਉੱਤਰ: ਭਾਰਤ ਵਿੱਚ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਰਾਜ ਕਰਨਾਟਕ ਹੈ1ਇਸ ਤੋਂ ਇਲਾਵਾ ਆਂਧਰਾ ਪ੍ਰਦੇਸ਼ ,ਝਾੜ ਖੰਡ ਅਤੇ ਕੇਰਲ ਰਾਜ ਵੀ ਸੋਨਾ ਪੈਦਾ ਕਰਦੇ ਹਨ1

ਪ੍ਰਸ਼ਨ: ਪ੍ਰਮਾਣੂ ਖਣਿਜ ਪਦਾਰਥਾਂ ਦੀ ਵਰਤੋਂ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ?

ਉੱਤਰ: ਪ੍ਰਮਾਣੂ ਖਣਿਜ ਪਦਾਰਥਾਂ ਦੀ ਵਰਤੋਂ ਬੜੀ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ1 ਇਹਨਾਂ ਦੀ ਵਰਤੋਂ ਦੇਸ਼ ਲਈ ਊਰਜਾ ਪੈਦਾ ਕਰਨ ਲਈ ਕਰਨੀ ਚਾਹੀਦੀ ਹੈ1ਇਹਨਾਂ ਨੂੰ ਤਬਾਹੀ ਲਈ ਨਹੀਂ ਵਰਤਣ ਚਾਹੀਦਾ1

ਪ੍ਰਸ਼ਨ : ਸ਼ਕਤੀ ਦੇ ਨਵੇਂ ਸਾਧਨ ਕਿਹੜੇ -ਕਿਹੜੇ ਹਨ?

ਉੱਤਰ :ਸ਼ਕਤੀ ਦੇ ਨਵੇਂ ਸਾਧਨਾਂ ਵਿੱਚ ਸੂਰਜੀ ਸ਼ਕਤੀ,ਪੌਣ ਸ਼ਕਤੀ,ਸਮੁੰਦਰੀ ਲਹਿਰਾਂ ,ਜਵਾਲ ਬਾਟਾ ਸ਼ਕਤੀ,ਗੋਬਰ ਗੈਸ ਊਰਜਾ ਅਤੇ ਵਿਅੱਰਥ ਪਦਾਰਥਾਂ ਤੋਂ ਗੈਸ ਦੇ ਰੂਪ ਵਿੱਚ ਸ਼ਕਤੀ ਆਦਿ ਸ਼ਾਮਿਲ ਹਨ1

50-60 ਸ਼ਬਦਾਂ ਵਿੱਚ ਉੱਤਰ ਦਿਓ:

ਪ੍ਰਸ਼ਨ: ਬਾਕਸਾਈਟ ਦੀ ਮਹੱਤਤਾ ਤੇ ਨੋਟ ਲਿਖੋ1

ਉੱਤਰ: ਬਾਕਸਾਈਟ ਇੱਕ ਮਹੱਤਵਪੂਰਣ ਧਾਤ ਹੈ ਜਿਸ ਤੋਂ ਐਲੂਮੀਨੀਅਮ ਬਣਾਇਆ ਜਾਂਦਾ ਹੈ1 ਐਲੂਮੀਨੀਅਮ ਨੂੰ ਬਹੁਤ ਸਾਰੇ ਉਦਯੋਗਾਂ ਵਿੱਚ ਵਰਤਿਆ ਜਾਂਦਾ ਹੈ1ਇਸ ਦੀ ਵਰਤੋਂ ਬਰਤਨ , ਬਿਜਲੀ

ਦੀਆਂ ਤਾਰਾਂ ,ਮੋਟਰ- ਗੱਡੀਆਂ , ਸਮੁੰਦਰੀ ਜਹਾਜ ਅਤੇ ਹਵਾਈ ਜਹਾਜ ਬਣਾਉਣ ਵਿੱਚ ਕੀਤੀ ਜਾ ਰਹੀ ਹੈ1

ਪ੍ਰਸ਼ਨ: ਕੁਦਰਤੀ ਗੈਸ ਦੀ ਸਾਡੇ ਜੀਵਨ ਵਿੱਚ ਕੀ ਮਹੱਤਤਾ ਹੈ ਅਤੇ ਇਸ ਦੇ ਮੁੱਖ ਖੇਤਰ ਸਾਡੇ ਦੇਸ਼ ਵਿੱਚ ਕਿਹੜੇ-ਕਿਹੜੇ ਹਨ?

ਉੱਤਰ: ਕੁਦਰਤੀ ਗੈਸ ਸ਼ਕਤੀ ਦਾ ਇੱਕ ਬਹੁਤ ਵੱਡਾ ਸਾਧਨ ਹੈ1ਇਸ ਗੈਸ ਦੀ ਵਰਤੋਂ ਘਰਾਂ ਵਿੱਚ ਗੱਡੀਆਂ ਚਲਾਉਣ ਵਿੱਚ ਅਤੇ ਉਦਯੋਗ ਵਿੱਚ ਹੁੰਦੀ ਹੈ1ਭਾਰਤ ਵਿੱਚ ਇਹ ਕ੍ਰਿਸ਼ਨਾਂ -ਗੋਦਾਵਰੀ ਬੇਸਿਨ ,ਉੜੀਸਾ ਦੇ ਨੇੜੇ ਬੰਗਾਲ ਦੀ ਖਾੜੀ ਵਿੱਚ , ਰਾਜਸਥਾਨ ਦੇ ਬਾਰਮੇੜ ਖੇਤਰ ਵਿੱਚ ਅਧਿਕ ਮਿਲਦੀ ਹੈ1

ਪ੍ਰਸ਼ਨ: ਪਣ -ਬਿਜਲੀ ਤਿਆਰ ਕਰਨ ਲਈ ਲੋੜੀਂਦੇ ਤੱਤਾਂ ਬਾਰੇ ਲਿਖੋ1

ਉੱਤਰ: ਪਣ- ਬਿਜਲੀ ਤਿਆਰ ਕਰਨ ਲਈ ਨਿਮਨਲਿਖਤ ਤੱਤ ਲੋੜੀਦੇ ਹਨ:

1. ਪਾਣੀ ਸਾਧਨ ਸਾਰਾ ਸਾਲ ਉਪਲੱਬਧ ਹੋਵੇ1

2. ਪਾਣੀ ਦੇ ਰਸਤੇ ਵਿੱਚ ਬੰਨ ਬਣਾਉਣ ਲਈ ਉਚਾਈ ਹੋਵੇ 1

3.ਬਿਜਲੀ ਬਣਾਉਣ ਲਈ ਪਾਣੀ ਲੋੜੀਦੀ ਮਾਤਰਾ ਵਿੱਚ ਉਪਲੱਬਧ ਹੋਵੇ1

4.ਬੰਨ੍ਹ ਦੇ ਪਿਛਲੇ ਪਾਸੇ ਪਾਣੀ ਦੇ ਭੰਡਾਰ ਜਾਂ ਝੀਲ ਵਾਸਤੇ ਲੋੜੀਦੀ ਜਗਾ ਹੋਵੇ1

5. ਇਲਾਕੇ ਵਿੱਚ ਬਿਜਲੀ ਦੀ ਮੰਗ ਹੋਵੇ 1

**ਪਾਠ-4**

# ਸਾਡੀ ਖੇਤੀਬਾੜੀ

ਪ੍ਰਸ਼ਨ: ਖੇਤੀਬਾੜੀ ਤੋਂ ਕੀ ਭਾਵ ਹੈ?

ਉੱਤਰ: ਖੇਤੀਬਾੜੀ ਤੋਂ ਭਾਵ ਫਸਲਾਂ ਪੈਦਾ ਕਰਨ ਦੇ ਨਾਲ- ਨਾਲ ਖੇਤੀਬਾੜੀ ਨਾਲ ਸਬੰਧਿਤ ਹੋਰ ਧੰਦਿਆਂ ਡੇਅਰੀ ਫਾਰਮਿੰਗ ,ਮੁਰਗੀਆਂ ਪਾਲਣਾ ,ਸ਼ਾਹਿਦ ਦੀਆਂ ਮੱਖੀਆਂ ਪਾਲਣਾ, ਗੁੜ ਬਣਾਉਣਾ ,ਫੁੱਲਾਂ ਦੀ ਖੇਤੀ ਕਰਨਾ ਆਦਿ ਤੋਂ ਹੈ1

ਪ੍ਰਸ਼ਨ: ਖੇਤੀਬਾੜੀ ਨੂੰ ਕਿਹੜੇ- ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ?

ਉੱਤਰ: ਖੇਤੀਬਾੜੀ ਨੂੰ ਨਿਮਨ ਲ਼ਿਖਿਤ ਤੱਤ ਪ੍ਰਭਾਵਿਤ ਕਰਦੇ ਹਨ:

1.ਜਲਵਾਯੂ 2.ਧਰਾਤਲ 3.ਮਿੱਟੀ ਦੀ ਕਿਸਮ 4. ਸਿੰਜਾਈ ਸਹੂਲਤਾਂ 5.ਖੇਤੀ ਕਰਨ  ਦੇ ਢੰਗ ,ਮੰਡੀ ਦੀ ਸਹੂਲਤ ,ਆਵਾਜਾਈ ਦੇ ਸ਼ਾਧਨ1

ਪ੍ਰਸ਼ਨ:ਅਨਾਜ ਫਸਲਾਂ ਦੇ ਨਾਂ ਲਿਖੋ1

ਉੱਤਰ: ਚਾਵਲ, ਕਣਕ, ਮੱਕੀ ,ਜੌਂ,ਬਾਜਰਾ, ਜਵਾਰ, ਦਾਲਾਂ ਅਤੇ ਤਿਲਾਂ ਵਾਲੇ ਬੀਜ ਆਦਿ ਅਨਾਜ ਫਸਲਾਂ ਹਨ1

ਪ੍ਰਸ਼ਨ: ਕੱਦੂ ਕਰਨਾ ਕਿਸ ਨੂੰ ਕਹਿੰਦੇ ਹਨ?

ਉੱਤਰ: ਚਾਵਲ ਲਗਾਉਣ ਲਈ ਖੇਤ ਨੂੰ ਵਾਹ ਕੇ ਪਾਣੀ ਲਾ ਕੇ ਸੁਹਾਗਾ ਆਦਿ ਮਾਰ ਕਿ ਤਿਆਰ ਕਰਨ ਨੂੰ ਕੱਦੂ ਕਰਨਾ ਕਹਿੰਦੇ ਹਨ1

ਪ੍ਰਸ਼ਨ: ਮੱਕੀ ਤੋਂ ਕੀ-ਕੀ ਤਿਆਰ ਕੀਤਾ ਜਾਂਦਾ ਹੈ?

ਉੱਤਰ: ਮੱਕੀ ਤੋਂ ਗੁਲੂਕੋਜ, ਸਟਾਰਚ ਅਤੇ ਅਲਕੋਹਲ, ਬਨਸਪਤੀ ਤੇਲ ਤਿਆਰ ਕੀਤਾ ਜਾਂਦਾ ਹੈ1

ਪ੍ਰਸ਼ਨ:ਰੇਸ਼ੇ ਦੀ ਲੰਬਾਈ ਦੇ ਆਧਾਰ ‘ਤੇ ਕਪਾਹ ਕਿਹੜੀਆਂ -ਕਿਹੜੀਆਂ ਕਿਸਮਾਂ ਦੀ ਹੋ ਸਕਦੀ ਹੈ?

ਉੱਤਰ:ਰੇਸ਼ੇ ਦੇ ਆਧਾਰ ‘ਤੇ ਕਪਾਹ ਲੰਬੇ ਰੇਸ਼ੇ ਵਾਲੀ, ਮੱਧ ਰੇਸ਼ੇ ਵਾਲੀ ਅਤੇ ਛੋਟੇ ਰੇਸ਼ੇ ਵਾਲੀ ਤਿੰਨ ਸ਼੍ਰੇਣੀਆ ਵਿੱਚ ਵੰਡੀ ਜਾ ਸਕਦੀ ਹੈ1

ਪ੍ਰਸ਼ਨ: ਪਟਸਨ ਤੋਂ ਕਿਹੜੀਆਂ -ਕਿਹੜੀਆਂ ਚੀਜਾਂ ਬਣਾਈਆਂ ਜਾ ਸਕਦੀਆਂ ਹਨ?

ਉੱਤਰ: ਪਟਸਨ ਦੀ ਵਰਤੋਂ ਰੱਸੇ, ਬੋਰੀਆਂ , ਟਾਟ ਅਦਿ ਬਣਾਉਣ ਵਿੱਚ ਕੀਤੀ ਜਾਂਦੀ ਹੈ1
ਪ੍ਰਸ਼ਨ: ਚਾਹ ਦਾ ਪੌਦਾ ਕਿਸ ਤਰ੍ਹਾਂ ਦਾ ਹੁੰਦਾ ਹੈ?

ਉੱਤਰ:ਚਾਹ ਦਾ ਪੌਦਾ ਇੱਕ ਝਾੜੀ ਵਰਗਾ ਹੁੰਦਾ ਹੈ 1

ਪ੍ਰਸ਼ਨ:ਕੌਫੀ ਦੀਆਂ ਕਿਸਮਾਂ ਦੇ ਨਾਂ ਲਿਖੋ1

ਉੱਤਰ: ਅਰੈਬਿਕ, ਰੌਬਸਟਾ, ਲਾਇਬੈਰਿਕਾ ਕਾਫੀ ਦੀਆਂ ਮਸ਼ਹੂਰ ਕਿਸਮਾਂ ਹਨ1

50-60 ਸ਼ਬਦਾਂ ਵਿੱਚ ਉੱਤਰ ਦਿਓ:

ਪ੍ਰਸ਼ਨ: ਖੇਤੀ ਦੀਆਂ ਕਿਸਮਾਂ ਦੇ ਨਾਂ ਦੱਸ ਕੇ ਸੰਘਣੀ ਅਤੇ ਵਿਸ਼ਾਲ ਖੇਤੀ ਵਿੱਚ ਅੰਤਰ ਲਿਖੋ1

ਉੱਤਰ:ਖੇਤੀ ਦੀਆਂ ਕਿਸਮਾਂ ਨਿਮਨਲ਼ਿਖਿਤ ਹਨ:

1. ਸਥਾਈ ਖੇਤੀ 2. ਸਥਾਨ ਅੰਤਰੀ ਖੇਤੀ 3. ਖੁਸ਼ਕ ਖੇਤੀ 4.ਗਿੱਲੀ ਖੇਤੀ 5.ਸੰਘਣੀ ਖੇਤੀ 6.ਵਿਸ਼ਾਲ ਖੇਤੀ 1

ਸ਼ੰਘਣੀ ਖੇਤੀ :ਜਦੋਂ ਥੋੜੀ ਜਮੀਨ ਵਿੱਚੋਂ ਖਾਦਾਂ ਅਤੇ ਸਿੰਚਾਈ ਆਦਿ ਦੀ ਪੂਰੀ ਵਰਤੋਂ ਦੇ ਨਾਲ ਝਾੜ ਲਿਆ ਜਾਂਦਾ ਹੈ ਤਾਂ ਅਜਿਹੀ ਖੇਤੀ ਨੂੰ ਸੰਘਣੀ ਖੇਤੀ ਕਿਹਾ ਜਾਂਦਾ ਹੈ1 ਪੰਜਾਬ ਵਿੱਚ ਇਸ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ1

ਵਿਸ਼ਾਲ ਖੇਤੀ : ਜਦੋਂ ਕਿਸਾਨਾਂ ਕੋਲ ਜਮੀਨ ਦਾ ਆਕਾਰ ਵੱਡਾ ਹੋਵੇ ਤਾਂ ਖੇਤੀ ਮਸ਼ੀਨਾਂ ਅਤੇ ਹੈਲੀਕਾਪਟਰਾਂ ਦੀ ਮਦਦ ਨਾਲ ਕੀਤੀ ਜਾਂਦੀ ਹੈ1ਇਸ ਕਿਸਮ ਦੀ ਖੇਤੀ ਨੂੰ ਵਿਸ਼ਾਲ ਖੇਤੀ ਕਿਹਾ ਜਾਂਦਾ ਹੈ1

ਪ੍ਰਸ਼ਨ: ਪੰਜਾਬ ਵਿੱਚ ਕਪਾਹ ਦੀ ਖੇਤੀ ‘ਤੇ ਇੱਕ ਨੋਟ ਲਿਖੋ1

ਉੱਤਰ: ਪੰਜਾਬ ਵਿੱਚ ਬਠਿੰਡਾ ,ਫਰੀਦਕੋਟ ,ਫਿਰੋਜਪੁਰ ,ਸੰਗਰੂਰ ਆਦਿ ਜਿਲੇ ਕਪਾਹ ਦੀ ਪੈਦਾਵਾਰ ਲਈ ਪ੍ਰਸਿੱਧ ਹਨ1ਪੰਜਾਬ ਵਿੱਚ ਬੀ.ਟੀ .ਕਾਟਨ ਬੀਜ ਅੱਛੇ ਨਤੀਜੇ ਦੇ ਰਿਹਾ ਹੈ1ਪੰਜਾਬ ਦੇ ਮਾਲਵਾ ਇਲਾਕੇ ਵਿੱਚ ਕਪਾਹ ਨੂੰ ‘ਚਿੱਟਾ ਸੋਨਾ’ ਕਿਹਾ ਜਾਂਦਾ ਹੈ1

ਪ੍ਰਸ਼ਨ: ਚਾਹ ਅਤੇ ਕੌਫੀ ਦੇ ਪੌਦਿਆਂ ਦੀ ਸਾਂਭ -ਸੰਭਾਲ ਕਿਵੇਂ ਹੁੰਦੀ ਹੈ?

ਉੱਤਰ: ਚਾਹ: ਚਾਹ ਦੇ ਪੌਦਿਆਂ ਨੂੰ ਸਾਫ ਕੀਤੀਆਂ ਢਲਾਣਾਂ ‘ਤੇ ਲਗਾਇਆਂ ਜਾਂਦਾ ਹੈ1 ਪੌਦਿਆਂ ਦੇ ਸਹੀ ਵਿਕਾਸ ਲਾਈ ਖਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ1 ਵਰਖਾ ਦਾ ਪਾਣੀ ਪੌਦਿਆਂ ਦੀਆ ਜੜ੍ਹਾਂ ਵਿੱਚ ਖਲੋਣਾ ਨਹੀਂ ਚਾਹੀਦਾ 1ਚਾਹ ਦਾ ਪੌਦੇ ਨੂੰ ਕਾਟ-ਸ਼ਾਟ ਦੀ ਲੋੜ੍ਹ ਹੁੰਦੀ ਹੈ ਤਾਂ ਜੋ ਇਸਦਾ ਵਿਕਾਸ ਠੀਕ ਹੋ ਸਕੇ1

ਕੌਫੀ :ਕੌਫੀ ਦੇ ਪੌਦੇ ਪਹਿਲਾਂ ਨਰਸਰੀ ਵਿੱਚ ਲਗਾਏ ਜਾਂਦੇ ਹਨ1ਅੱਠ ਕੁ ਮਹੀਨਿਆਂ ਬਾਦ ਇਹਨਾਂ ਛੋਟੇ ਪੌਦਿਆਂ ਨੂੰ ਕੌਫੀ ਲਗਾਉਣ ਲਾਈ ਤਿਆਰ ਖੇਤਾਂ ਵਿੱਚ ਲਗਾ ਦਿੱਤਾ ਜਾਂਦਾ ਹੈ1 ਸਮੇਂ -ਸਮੇਂ ਸਿਰ ਕੌਫੀ

ਦੇ ਖੇਤਾਂ ਵਿੱਚ ਖਾਦਾਂ ,ਪੌਦਿਆਂ ਦੀ ਕਟਾਈ ,ਛਿੰਗਾਈ ਅਤੇ ਸਿੰਜਾਈ ਦੀ ਲੋੜ੍ਹ ਪੈਂਦੀ ਹੈ1

ਪ੍ਰਸ਼ਨ: ਯੂ .ਐਸ .ਏ ਵਿੱਚ ਖੇਤੀਬਾੜੀ ਦੇ ਕੰਮਾਂ ਨਿੱਚ ਮਸ਼ੀਨਾਂ ਦੀ ਵਰਤੋਂ ‘ਤੇ ਨੋਟ ਲਿਖੋ1

ਉੱਤਰ: ਯੂ.ਐਸ.ਏ ਵਿੱਚ ਕਿਸਾਨਾਂ ਕੋਲ ਜਿਆਦਾ ਜਮੀਨਾਂ ਹਨ1 ਖੇਤਾਂ ਦਾ ਆਕਾਰ ਵੱਡਾ ਹੈ 1ਇਸ ਲਈ ਮਸੀਨਾਂ ਦਾ ਅਧਿਕ ਇਸਤੇਮਾਲ ਕੀਤਾ ਜਾਂਦਾ ਹੈ1ਫਸਲ ਦੀ ਬਿਜਾਈ ਤੋਂ ਲੈ ਕੇ ਫਸਲਾਂ ਨੂੰ ਮੰਡੀਆਂ ਜਾਂ ਸਟੋਰਾਂ ਤੱਕ ਲੈ ਜਾਣ ਦਾ ਸਾਰਾ ਕੰਮ ਮਸ਼ੀਨਾਂ ਤੋਂ ਲਿਆ ਜਾਂਦਾ ਹੈ1ਖੇਤੀ ਕਰਨ ਲਈ ਹੈਲੀਕਾਪਟਰ ਅਤੇ ਜਹਾਜਾਂ ਦੀ ਵਰਤੋਂ ਕੀਤੀ ਜਾਂਦੀ ਹੈ1

## ਪਾਠ -8

# ਆਫਤ ਪ੍ਰਬੰਧਨ

ਪ੍ਰਸ਼ਨ: ਆਫਤ ਕਿਸ ਨੂੰ ਕਿਹਾ ਜਾਂਦਾ ਹੈ?

ਉੱਤਰ: ਕੁਦਰਤੀ ਜਾਂ ਮਨੁੱਖ ਵੱਲੋਂ ਪੈਦਾ ਕੀਤੇ ਖੱਤਰੇ ਜਦੋਂ ਮਨੁੱਖ ਲਈ ਘਾਤਕ ਬਣ ਜਾਂਦੇ ਹਨ ਤਾਂ ਇਹਨਾਂ ਨੂੰ ਆਫਤ ਕਹਿੰਦੇ ਹਨ1

ਪ੍ਰਸ਼ਨ: ਕੁਦਰਤੀ ਅਫਤਾਂ ਮੁੱਖ ਤੌਰ ਤੇ ਕਿਹੜੀਆਂ -ਕਿਹੜੀਆਂ ਹਨ?

ਉੱਤਰ : ਭੂਚਾਲ, ਸੁਨਾਮੀ, ਜਵਾਲਾਮੁਖੀ,ਹੜ੍ਹ,ਚਕਰਵਾਤ,ਸੋਕਾ,ਭੂਮੀ ਦਾ ਖਿਸਕਣਾ,ਅਤੇ ਬਰਫਦੇ ਤੋਂਦਿਆਂ ਦਾ ਸਰਕਣਾ ਕੁਦਰਤੀ ਆਫਤਾਂ ਹਨ1

ਪ੍ਰਸ਼ਨ: ਭੂਚਾਲ ਤੋਂ ਤੁਹਾਡਾ ਕੀ ਭਾਵ ਹੈ?ਇਸ ਨੂੰ ਕਿਵੇਂ ਮਾਪਿਆ ਜਾਂਦਾ ਹੈ?

ਉੱਤਰ: ਧਰਤੀ ਦੇ ਹਿੱਲਣ ਨੂੰ ਭੂਚਾਲ ਕਿਹਾ ਜਾਂਦਾ ਹੈ1ਭੂਚਾਲ ਨੂੰ ਮਾਪਣ ਦੇ ਦੋ ਪੈਮਾਣੇ ਹਨ:ਰਿਕਟਰ ਪੈਮਾਣਾ ਅਤੇ ਮਰਕਾਲੀ ਪੈਮਾਣਾ1

ਪ੍ਰਸ਼ਨ:ਜਵਾਲਾ ਮੁਖੀ ਕਿਸ ਨੂੰ ਆਖਦੇ ਹਨ? ਇਸ ਦੀਆਂ ਕਿਸਮਾਂ ਦੇ ਨਾਂ ਲਿਖੋ1

ਉੱਤਰ: ਲਾਵਾ ਦੀ ਧਰਤੀ ‘ਤੇ ਆਉਣ ਦੀ ਕਿਰਿਆਂ ਨੂੰ ‘ਜਵਾਲਾ ਮੁਖੀ ’ ਆਖਦੇ ਹਨ 1 ਇਸ ਦੀਆਂ ਤਿੰਨ ਕਿਸਮਾਂ ਨਿਮਨਲਿਕਤ ਹਨ:

1. ਕਿਰਿਆਸ਼ੀਲ ਜਵਾਲਾ ਮੁਖੀ

2. ਸੁੱਤੇ ਹੋਏ ਜਵਾਲਾ ਮੁਖੀ

3. ਬੁੱਝੇ ਹੋਏ ਜਵਾਲਾ ਮੁਖੀ

ਪ੍ਰਸ਼ਨ: ਸੁਨਾਮੀ ਕਿਵੇਂ ਪੈਦਾ ਹੁੰਦੀ ਹੈ?

ਉੱਤਰ: ਸੁਨਾਮੀ ਸਮੁੰਦਰੀ ਲਹਿਰਾਂ ਹੈ ਜਿਹੜੀ ਕਿ ਭੂਚਾਲ ,ਜਵਾਲਾਮੁਖੀ ,ਧਰਤੀ ਦੇ ਖਿਸਕਣ ਆਦਿ ਤੋਂ ਪੈਦਾ ਹੁੰਦੀ ਹੈ1

ਪ੍ਰਸ਼ਨ: ਹੜਾਂ ਦੇ ਆਉਣ ਦੇ ਮੱਖ ਕਿਹੜੇ -ਕਿਹੜੇ ਕਾਰਨ ਹਨ?

ਉੱਤਰ: ਹੜਾ ਦੇ ਆਉਣ ਦੇ ਮੁੱਖ ਕਾਰਨ ਨਿਮਨਲਿਖਿਤ ਹਨ:

1. ਜਿਆਦਾ ਵਰਖਾ

2. ਬੱਦਲਾਂ ਦਾ ਫੱਟਣਾ

3. ਪਾਣੀ ਦੇ ਨਿਕਾਸ ਦਾ ਠੀਕ ਪ੍ਰਬੰਧ ਨਾ ਹੋਣਾ

4. ਬੰਨ੍ਹਾਂ ਦਾ ਟੁੱਟ ਜਾਣਾ

5. ਨਦੀਆਂ ਅਤੇ ਦਰਿਆਵਾਂ ਦੇ ਤਲ ਤੇ ਮਿੱਟੀ ਦਾ ਜੰਮਣਾ

ਪ੍ਰਸ਼ਨ: ਚਕਰਵਾਤ ਕੀ ਹੁੰਦਾ ਹੈ ? ਇਸ ਨੂੰ ਹੋਰ ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ ?

ਉੱਤਰ: ਚੱਕਰਵਾਤ ਜਾਂ ਤੂਫਾਨ ਤੇਜ ਹਵਾਵਾਂ ਹੁੰਦੀਆਂ ਹਨ ਜਿਹਨਾਂ ਦੀ ਗਤੀ 63 ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੱਧ ਹੁੰਦੀ ਹੈਂ ਇਸ ਨੂੰ ਸੰਸਾਰ ਵਿੱਚ ਕਈ ਨਾਵਾਂ ਨਾਲ ਜਾਣਿਆਂ ਜਾਂਦਾ ਹੈ1 ਉੱਤਰੀ ਅਮਰੀਕਾ ਵਿੱਚ ਇਸ ਨੂੰ ਹਰੀਕੇਨ ,ਦੱਖਣੀ -ਪੂਰਬੀ ਏਸ਼ੀਆ ਵਿੱਚ ਤਾਇਫੂਨ ਤੇ ਭਾਰਤ ਵਿੱਚ ਝੱਖੜ ਜਾਂ ਵਰੋਲਾ ਕਿਹਾ ਜਾਂਦਾ ਹੈ1

ਪ੍ਰਸ਼ਨ: ਮਨੁੱਖੀ ਆਫਤਾਂ ਕਿਸ ਨੂੰ ਆਖਦੇ ਹਨ?

ਉੱਤਰ: ਉਹ ਆਫਤਾਂ ਜੋ ਮਨੁੱਖ ਵੱਲੋਂ ਪੈਦਾ ਕੀਤੀਆਂ ਜਾਂਦੀਆ ਹਨ ਨੂੰ ਮਨੁੱਖੀ ਆਫਤਾਂ ਕਹਿੰਦੇ ਹਨ1 ਬੰਬ ਧਮਾਕੇ ਜਾਂ ਅੱਤਵਾਦੀ ਹਮਲੇ ਇਸ ਦੀਆਂ ਉਦਾਹਰਨਾਂ ਹਨ1

ਪ੍ਰਸ਼ਨ: ਮਹਾਂਮਾਰੀ ਤੋਂ ਕੀ ਹੈ?

ਉੱਤਰ: ਜਦੋਂ ਕੁਈ ਬਿਮਾਰੀ ਵੱਡੇ ਪੱਧਰ ‘ਤੇ ਫੈਲ ਜਾਂਦੀ ਹੈ ਤਾਂ ਉਸ ਨੂੰ ਮਹਾਂਮਾਰੀ ਕਿਹਾ ਜਾਂਦਾ ਹੈ ਜਿਵੇਂ: ਹੈਜਾ ,ਡੇਂਗੂ ਬੁਖਾਰ,ਪੀਲਾ ਬੁਖਾਰ ਜਾਂ ਦੱਸਤ 1

50-60 ਸ਼ਬਦਾਂ ਵਿੱਚ ਉੱਤਰ ਦਿਓ:

ਪ੍ਰਸ਼ਨ: ਆਫਤਾਂ ਮਨੁੱਖ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?

ਉੱਤਰ: ਆਫਤਾਂ ਮਨੁੱਖ ਨਿਮਨਲ਼ਿਖਿਤ ਅਨੁਸਾਰ ਪ੍ਰਭਾਵਿਤ ਕਰਦੀਆਂ ਹਨ:

1. ਇਹ ਜਾਨ- ਮਾਲ ਦਾ ਨੁਕਸਾਨ ਕਰਦੀਆਂ ਹਨ

2. ਲੋਕ ਆਪਣਿਆਂ ਤੋਂ ਵਿਛੜ ਜਾਂਦੇ ਹਨ

3. ਮਹਾਂਮਾਰੀ ਫੈਲ ਜਾਂਦੀ ਹੈ

4. ਵੱਡੀ ਗਿਣਤੀ ਵਿੱਚ ਫਸਲਾਂ ਅਤੇ ਪਛੂ-ਪੰਛੀਆਂ ਦਾ ਨੁਕਸਾਨ ਹੁੰਦਾ ਹੈ

5. ਮਨੁੱਖ ਦੀ ਤਰੱਕੀ ਰੁੱਕ ਜਾਂਦੀ ਹੈ

ਪ੍ਰਸ਼ਨ: ਭੂਚਾਲ ਆਫਤਨ ਪ੍ਰਬੰਧਨ ਵਿੱਚ ਸਾਨੂੰ ਕਿਹੜੀਆਂ - ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ

ਚਾਹੀਦਾ ਹੈ?

ਉੱਤਰ: ਭੂਚਾਲ ਆਫਤਨ ਪ੍ਰਬੰਧਨ ਵਿੱਚ ਸਾਨੂੰ ਨਿਮਨਲਿਖਿਤ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ:

1. ਭੂਚਾਲ ਗ੍ਰਸਤ ਇਲਾਕਿਆ ਵਿੱਚ ਇਮਾਰਤਾਂ ਇਸ ਕਿਸਮ ਦੀਆਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਭੂਚਾਲ ਆਉਣ ‘ਤੇ ਇਹਨਾਂ ਨੂੰ ਕੋਈ ਪ੍ਰਭਾਵ ਨਾ ਪਵੇ1

2. ਭੂਚਾਲ ਆਉਣ ਸਮੇ ਡਰ ਦੀ ਥਾਂ ਹੌਸਲੇ ਤੇ ਦਿਮਾਗ ਤੋਂ ਕੰਮ ਲੈਣਾ ਚਾਹੀਦਾ ਹੈ1

3. ਭੂਚਾਲ ਆਉਣ ਸਮੇਂ ਅਗਰ ਘਰ ਵਿੱਚ ਹੋ ਤਾਂ ਘਰ ਤੋਂ ਬਾਹਰ ਆਉਣ ਦੀ ਥਾਂ ਘਰ ਅੰਦਰ ਮਜਬੂਤ ਵਸਤਾਂ ਹੇਠਾਂ ਬੈਠ ਜਾਣਾ ਚਾਹੀਦਾ ਹੈ1

4. ਭੂਚਾਲ ਆਉਣ ਸਮੇਂ ਬਾਹਰ ਹੋਣ ਦਾ ਸਮੇਂ ਇਮਾਰਤਾਂ ,ਦਰੱਖਤਾਂ ਅਤੇ ਖੰਭਿਆਂ ਤੋਂ ਦੂਰ ਚਲੇ ਜਾਣਾ ਚਾਹੀਦਾ ਹੈ1

5. ਸਾਨੂੰ ਸਾਰਿਆਂ ਨੂੰ ਮਿਲ ਕੇ ਭੂਚਾਲ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ1

6. ਭੂਚਾਲ ਨਾਲ ਪ੍ਰਭਾਵਿਤ ਆਵਾਜਾਈ ,ਸੂਚਨਾਂ ਅਤੇ ਸੰਚਾਰ ਸਾਧਨਾਂ ਨੂੰ ਜਲਦ ਚਾਲੂ ਕੀਤਾ ਜਾਣਾ ਚਾਹੀਦਾ ਹੈ1

ਪ੍ਰਸ਼ਨ: ਜਵਾਲਾਮੁਖੀ ਅਤੇ ਸੁਨਾਮੀ ਤੋਂ ਬਚਾਅ ਵਾਸਤੇ ਕੀ –ਕੀ ਪ੍ਰਬੰਧ ਕਰਨੇ ਚਾਹੀਦੇ ਹਨ?

ਉੱਤਰ: ਜਵਾਲਾਮੁਖੀ : ਜਵਾਲਾਮੁਖੀ ਵਿਸਫੋਟਕ ਵਾਲੇ ਸਥਾਨ ਦੇ ਨੇੜੇ ਘਰ ਅਤੇ ਇਮਾਰਤਾਂ ਨਹੀਂ ਬਣਾਉਣੀਆ ਚਾਹੀਦੀਆਂ 1ਜਵਾਲਾਮੁਖੀ ਦੀਆਂ ਨਿਸ਼ਾਨੀਆਂ ਦਿਸਣ ‘ਤੇ ਸਥਾਨ ਤੋਂ ਦੂਰ ਚਲੇ ਜਾਣਾ ਚਾਹੀਦੀ ਹੈ1ਸਰਕਾਰ ਨੂੰ ਇਸ ਤਰ੍ਹਾਂ ਦੇ ਹਲਾਤਾਂ ਨਾਲ ਨਿਜੱਠਣ ਲਈ ਤਿਆਰ ਰਹਿਣਾ ਚਾਹੀਦਾ ਹੈ1

ਸੁਨਾਮੀ: ਸੁਨਾਮੀ ਆਉਣ ਦੀ ਸੂਚਨਾਂ ਮਿਲਣ ‘ਤੇ ਸਮੁੰਦਰ ਵੱਲ ਨਹੀਂ ਜਾਣਾ ਚਾਹੀਦਾ 1ਸਮੁੰਦਰ ਵਿੱਚ ਚਲ ਰਹੇ ਬੇੜਿਆਂ ਅਤੇ ਜਹਾਜਾਂ ਨੂੰ ਬੰਦਰਗਾਹ ‘ਤੇ ਆ ਜਾਣਾ ਚਾਹੀਦਾ ਹੈ1 ਸਮੁੰਦਰ ਕਿਨਾਰੇ ਰਹਿੰਦੇ ਲੋਕਾਂ ਨੂੰ ਇਸ ਕਿਸਮ ਦੀ ਸਮੱਸਿਆਂ ਨਾਲ ਨਿਜੱਠਣ ਲਈ ਤਿਆਰ ਰਹਿਣਾ ਚਾਹੀਦਾ ਹੈ1ਸਰਕਾਰ ਨੂੰ ਇਸ ਤਰ੍ਹਾਂ ਦੀ ਸਮੱਸਿਆਂ ਨਾਲ ਨਿਜੱਠਣ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ1

ਪ੍ਰਸ਼ਨ: ਸੋਕੇ ਦੇ ਬਚਾਅ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ?

ਉੱਤਰ: ਸੋਕੇ ਦੇ ਬਚਾਅ ਲਈ ਨਿਮਨਲਿਖਿਤ ਕਦਮ ਉਠਾਏ ਜਾ ਸਕਦੇ ਹਨ:

1. ਪਾਣੀ ਦੀ ਸੰਭਾਲ ਕੀਤੀ ਜਾਣੀ ਣਾਹੀਦੀ ਹੈ1

2. ਸੋਕਾ ਗ੍ਰਸਤ ਇਲਾਕੇ ਵਿੱਚ ਵਧੇਰੇ ਦਰੱਖਤ ਲਗਾਉਣੇ ਚਾਹੀਦੇ ਹਨ1

3. ਸੋਕੇ ਵਾਲਿਆਂ ਇਲਾਕਿਆਂ ਵਿੱਚ ਉਹ ਫਸਲਾਂ ਲਗਾਉਣੀਆਂ ਚਾਹੀਦੀਆਂ ਹਨ ਜਿਨਾਂ ਵਿੱਚ ਘੱਟ ਪਾਣੀ ਦੀ ਲੋੜ ਹੁੰਦੀ ਹੈ1

4.ਸੋਕੇ ਵਾਲੇ ਇਲਾਕਿਆਂ ਵਿੱਚ ਸਰਕਾਰ ਨੂੰ ਵਰਖਾ ਦੇ ਪਾਣੀ ਨੂੰ ਤਲਾਬਾਂ ਵਿੱਚ ਸਟੋਰ ਕਰਕੇ ਰੱਖਣਾ ਚਾਹੀਦਾ ਹੈ1

5. ਸੋਕੇ ਵਾਲੇ ਇਲਾਕੇ ਵਿੱਚ ਇਸ ਸਮੱਸਿਆਂ ਨਾਲ ਨਿਜੱਠਣ ਲਈ ਸਰਕਾਰ ਨੂੰ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ1

ਪ੍ਰਸ਼ਨ: ਕਿਹੜੇ- ਕਿਹੜੇ ਉਪਾਅ ਸਾਨੂੰ ਮਹਾਂਮਾਰੀ ਵਰਗੀ ਆਫਤ ਤੋਂ ਬਚਾਅ ਸਕਦੇ ਹਨ?

ਉੱਤਰ: ਮਹਾਂਮਾਰੀ ਤੋਂ ਬੱਚਣ ਦਾ ਤਰੀਕਾ  ਬਿਮਾਰੀਆਂ ਤੋਂ ਬੱਚਿਆ ਜਾਵੇ1ਸ਼ੁੱਧ ਹਵਾ ,ਪਾਣੀ ਅਤੇ ਸਾਫ- ਸੁਥਰਾ ਵਾਤਾਵਰਣ ਸਾਨੂੰ ਬਿਮਾਰੀਆਂ ਤੋਂ ਬਚਾਅ ਸਕਦਾ ਹੈ1 ਡਾਕਟਰੀ ਸਹੂਲਤਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ1ਮਹਾਂਮਾਰੀ ਫੈਲਣ ਦੀ ਹਲਾਤ ਵਿੱਚ ਹਸਪਤਾਲਾਂ ਵਿੱਚ ਦਵਾਇਆਂ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ1 ਸ਼ਹਿਰ ਦੇ ਆਲੇ-ਦੁਆਲੇ ਗੰਦੀਆਂ ਬਸਤੀਆਂ ਦਾ ਵਿਕਾਸ ਹੋਣਾ ਚਾਹੀਦਾ ਹੈ1 ਬਿਮਾਰੀਆਂ ਦੀ ਜਾਂਚ ਦਾ ਕੰਮ ਲਗਾਤਾਰ ਹੋਣਾ ਚਾਹੀਦਾ ਹੈ1

# ਇਤਿਹਾਸ

## ਪਾਠ-9

## ਕਿੱਥੇ, ਕਦੋਂ ਅਤੇ ਕਿਵੇਂ

ਪ੍ਰਸ਼ਨ1:-ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਕਿਹੜੇ ਤਿੰਨ ਕਾਲਾਂ ਵਿੱਚ ਵੰਡਿਆ ਹੈ?

ਉਤਰ: ਪ੍ਰਾਚੀਨ ਕਾਲ, ਮੱਧਕਾਲ ਅਤੇ ਆਧੁਨਿਕ ਕਾਲ

ਪ੍ਰਸ਼ਨ2: ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ ਕਦੋ ਹੋਇਆ?

ਉ: 18ਵੀਂ ਸਦੀ ਵਿੱਚ।

ਪ੍ਰਸ਼ਨ3: ਆਧੁਨਿਕ ਕਾਲ ਦੌਰਾਨ ਭਾਰਤ ਵਿੱਚ ਆਈਆਂ ਯੂਰਪੀਅਨ ਸ਼ਕਤੀਆਂ ਦੇ ਨਾਮ ਲਿਖੋ।

ਉ: ਪੁਰਤਗਾਲੀ, ਡੱਚ, ਫਰਾਂਸੀਸੀ ਅਤੇ ਅੰਗਰੇਜ।

ਪ੍ਰਸ਼ਨ4: ਕਦੋਂ ਅਤੇ ਕਿਸਨੇ ਅਵਧ ਰਾਜ ਨੂੰ ਸੁਤੰਤਰ ਰਾਜ ਘੋਸ਼ਿਤ ਕੀਤਾ?

ਉ: 1739 ਈ. ਵਿੱਚ ਸਆਦਤ ਖਾਂ ਨੇ।

ਪ੍ਰਸ਼ਨ 5: ਪੁਸਤਕਾਂ ਇਤਿਹਾਸਿਕ ਸ੍ਰੋਤ ਦੇ ਰੂਪ ਵਿੱਚ ਸਾਡੀ ਕਿਵੇਂ ਸਹਾਇਤਾ ਕਰਦੀਆਂ ਹਨ?

ਉ: ਪੁਸਤਕਾਂ ਤੋਂ ਸਾਨੂੰ ਸਾਹਿਤ, ਕਲਾ, ਵਿਗਿਆਨ ਇਤਿਹਾਸ ਅਤੇ ਸੰਗੀਤ ਆਦਿ ਦੇ ਖੇਤਰਾਂ ਵਿੱਚ ਕੀਤੀ ਤਰੱਕੀ ਬਾਰੇ ਜਾਣਕਾਰੀ ਮਿਲਦੀ ਹੈ।

ਪ੍ਰਸ਼ਨ 6:-ਇਤਿਹਾਸਕ ਇਮਾਰਤਾਂ ਬਾਰੇ ਸੰਖੇਪ ਜਾਣਕਾਰੀ ਲਿਖੋ।

ਉ: ਅਸੀਂ ਭਾਰਤ ਵਿਚ ਕਈ ਇਤਿਹਾਸਕ ਇਮਾਰਤਾਂ ਵੇਖਦੇ ਹਾਂ

1. ਜਿਵੇਂ ਇੰਡੀਆ ਗੇਟ, ਸੰਸਦ ਭਵਨ, ਰਾਸ਼ਟਰਪਤੀ ਭਵਨ, ਬਿਰਲਾ ਹਾਊਸ ਆਦਿ।
2. ਇਹ ਸਾਨੂੰ ਭਾਰਤ ਦੀ ਭਵਨ ਉਸਾਰੀ ਕਲਾ ਦੇ ਵੱਖ-2 ਪਹਿਲੂਆਂ ਬਾਰੇ ਜਾਣਕਾਰੀ ਦਿੰਦੇ ਹਨ।

ਪ੍ਰਸ਼ਨ 7: ਸਰਕਾਰੀ ਦਸਤਾਵੇਜਾਂ ਤੇ ਨੋਟ ਲਿਖੋ।

ਉ:

1. ਸਰਕਾਰੀ ਦਸਤਾਵੇਜ ਵੀ ਭਾਰਤ ਇਤਿਹਾਸ ਦਾ ਇੱਕ ਮੁੱਖ ਸ੍ਰੋਤ ਹਨ।

2. ਇਹਨਾਂ ਤੋਂ ਸਾਨੂੰ ਅੰਗਰੇਜਾਂ ਦੀ ਭਾਰਤ ਜਿੱਤ ਦੀ ਜਾਣਕਾਰੀ ਮਿਲਦੀ ਹੈ।

3. ਅੰਗਰੇਜੀ ਪ੍ਰਸ਼ਾਸਨ ਦੀ ਜਾਣਕਾਰੀ ਮਿਲਦੀ ਹੈ।

4. ਅੰਗਰੇਜਾਂ ਦੁਆਰਾ ਭਾਰਤੀ ਲੋਕਾਂ ਤੇ ਕੀਤੇ ਸ਼ੋਸਣ ਬਾਰੇ ਜਾਣਕਾਰੀ ਮਿਲਦੀ ਹੈ।

## ਪਾਠ-10

## ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ

ਪ੍ਰਸ਼ਨ1: ਭਾਰਤ ਵਿੱਚ ਪਹੁੰਚਣ ਵਾਲਾ ਪਹਿਲਾ ਪੁਰਤਗਾਲੀ ਕੌਣ ਸੀ?

ਉ:- ਵਾਸਕੋ-ਡੀ-ਗਾਮਾ।

ਪ੍ਰਸ਼ਨ2: ਭਾਰਤ ਵਿੱਚ ਪੁਰਤਗਾਲੀਆਂ ਦੀਆਂ ਚਾਰ ਬਸਤੀਆਂ ਦੇ ਨਾ ਲਿਖੋ।

ਉ: ਗੋਆ, ਦਮਨ, ਸਾਲਸੈਟ ਅਤੇ ਬਾਮੀਨ

ਪ੍ਰਸ਼ਨ3: ਡੱਚ ਲੋਕਾਂ ਨੇ ਭਾਰਤ ਵਿੱਚ ਕਿੱਥੇ-ਕਿੱਥੇ ਬਸਤੀਆਂ ਸਥਾਪਿਤ ਕੀਤੀਆਂ?

ਉ: ਕੋਚਿਨ, ਸੂਰਤ ਨਾਗਾਪੱਟਮ, ਪੁਲੀਕਟ ਤੇ ਚਿਨਸੁਰਾ।

ਪ੍ਰਸ਼ਨ4: ਅੰਗਰੇਜ਼ਾਂ ਨੂੰ ਬੰਗਾਲ ਵਿੱਚ ਬਿਨਾਂ ਚੁੰਗੀ ਕਰ ਦੇ ਵਪਾਰ ਕਰਨ ਦੀ ਰਿਆਇਤ ਕਿਸ ਮੁਗਲ ਬਾਦਸ਼ਾਹ ਤੋਂ ਅਤੇ ਕਦੋਂ ਮਿਲੀ?

ਉ: ਮੁਗਲ ਬਾਦਸ਼ਾਹ ਫਰੁਖਸੀਅਰ ਵੱਲੋਂ 1717 ਈ. ਵਿੱਚ।

ਪ੍ਰਸ਼ਨ5: ਕਰਨਾਟਕ ਦਾ ਪਹਿਲਾ ਯੁੱਧ ਕਿਹੜੀਆਂ ਦੋ ਯੂਰਪੀ ਕੰਪਨੀਆਂ ਵਿਚਕਾਰ ਹੋਇਆ ਅਤੇ ਇਸ ਯੁੱਧ ਵਿੱਚ ਕਿਸਦੀ ਜਿੱਤ ਹੋਈ?

ਉ: ਅੰਗਰੇਜਾ ਅਤੇ ਫਰਾਂਸੀਸੀਆਂ ਵਿਚਕਾਰ ਹੋਇਆ ਇਸ ਵਿੱਚ ਫਰਾਂਸੀਸੀ ਜਿੱਤੇ ਸਨ।

ਪ੍ਰਸ਼ਨ6: ਪਲਾਸੀ ਦੀ ਲੜਾਈ ਕਦੋਂ ਅਤੇ ਕਿਸਦੇ ਵਿਚਕਾਰ ਹੋਈ?

ਉ: 13 ਜੂਨ, 1757 ਈ. ਨੂੰ ਅੰਗਰੇਜਾਂ ਅਤੇ ਬੰਗਾਲ ਦ ਨਵਾਬ ਸਿਰਾਜੁਦੋਲਾ ਦੇ ਵਿਚਕਾਰ ਹੋਈ।

ਪ੍ਰਸ਼ਨ7: ਬਕਸਰ ਦੀ ਲੜਾਈ ਕਦੋਂ ਅਤੇ ਕਿਸ-ਕਿਸ ਵਿਚਕਾਰ ਹੋਈ?

ਉ: 1764 ਈ. ਵਿੱਚ ਅੰਗਰੇਜਾਂ ਅਤੇ ਬੰਗਾਲ ਦੇ ਨਵਾਬ ਮੀਰ ਕਾਸਿਮ, ਅਵਧ ਦੇ ਨਵਾਬ ਸੁਜਾਉਦੌਲਾ ਅਤੇ ਮੁਗਲ ਸਮਰਾਟ ਸ਼ਾਹ ਆਲਮ ਦੂਜੇ ਵਿਚਕਾਰ ਹੋਈ।

ਪ੍ਰਸ਼ਨ8: ਪਲਾਸੀ ਦੀ ਲੜਾਈ ਦਾ ਸੰਖੇਪ ਵਰਨਣ ਕਰੋ।

ਉ: * ਪਲਾਸੀ ਦੀ ਲੜਾਈ 23 ਜੂਨ 1757 ਈ. ਨੂੰ ਹੋਈ।

1. ਇਹ ਅੰਗਰੇਜੀ ਇਸਟ ਇੰਡੀਆ ਕੰਪਨੀ ਅਤੇ ਬੰਗਾਲ ਦੇ ਨਾਲ ਸਿਰਾਜੁਦੁਲਾ ਵਿਚਾਰ ਲੜਿਆ ਗਿਆ।

2. ਇਸ ਲੜਾਈ ਵਿੱਚ ਬੰਗਾਲ ਦਾ ਨਵਾਬ ਹਾਰ ਗਿਆ।

3. ਅੰਗਰੇਜ ਬੰਗਾਲ ਦੇ ਅਸਲੀ ਸ਼ਾਸਕ ਬਣ ਗਏ।

4. ਅੰਗਰੇਜਾਂ ਲਈ ਭਾਰਤ ਦੀ ਜਿੱਤ ਦੇ ਰਾਹ ਖੁੱਲ ਗਏ।

ਪ੍ਰਸ਼ਨ 9: ਬੰਗਾਲ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਤੋਂ ਤੁਸੀ ਕੀ ਸਮਝਦੇ ਹੋ?

ਉ: ਕਲਾਈਵ ਨੇ ਬੰਗਾਲ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਸ਼ੁਰੂ ਕੀਤੀ।

1. ਇਸਦੇ ਅਨੁਸਾਰ- ਬੰਗਾਲ ਵਿੱਚ ਸ਼ਾਸਨ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ।

2. ਕਰ ਇਕੱਠਾ ਕਰਨ ਦਾ ਕੰਮ ਅੰਗਰੇਜੀ ਕੰਪਨੀ ਦੇ ਹੱਥ ਵਿਚ ਰਿਹਾ।

3. ਸ਼ਾਸ਼ਨ ਪ੍ਰਬੰਧ ਨਵਾਬ ਨੂੰ ਦੇ ਦਿੱਤਾ ਗਿਆ।

4. ਬੰਗਾਲ ਦੀ ਅਸਲੀ ਸ਼ਕਤੀ ਤਾਂ ਅੰਗਰੇਜ ਦੇ ਹੱਥ ਵਿੱਚ ਆ ਗਈ ਸੀ।

5. ਪਰ ਉਹਨਾਂ ਦੀ ਕੋਈ ਜਿੰਮੇਵਾਰੀ ਨਹੀਂ ਸੀ।

ਪ੍ਰਸ਼ਨ 10:ਲੈਪਸ ਦੀ ਨੀਤੀ ਕੀ ਸੀ?

ਉ: ਲੈਪਸ ਦੀ ਨੀਤੀ ਲਾਰਡ ਡਲਹੌਜੀ ਨੇ ਅਪਣਾਈ।

ਇਸਦੇ ਅਨੁਸਾਰ ਜੇਕਰ ਕੋਈ ਰਾਜਾ ਬੇਔਲਾਦ ਮਰ ਜਾਂਦਾ ਸੀ ਤਾਂ

1. ਉਸਦੇ ਰਾਜ ਨੂੰ ਅੰਗਰੇਜੀ ਸਾਮਰਾਜ ਵਿੱਚ ਮਿਲਾ ਲਿਆ ਜਾਂਦਾ ਸੀ।

2. ਉਹ ਅੰਗਰੇਜਾਂ ਦੀ ਆਗਿਆ ਤੋਂ ਬਿਨਾਂ ਪੁੱਤਰ ਗੋਦ ਨਹੀਂ ਲੈ ਸਕਦਾ ਸੀ।

3. ਇਸ ਸਿਧਾਂਤ ਅਨੁਸਾਰ ਬਹੁਤ ਸਾਰੇ ਦੇਸੀ ਰਾਜ ਅੰਗਰੇਜੀ ਰਾਜ ਵਿੱਚ ਮਿਲਾ ਲਏ ਗਏ ਜਿਵੇਂ ਸਤਾਰਾ, ਝਾਂਸੀ, ਉਦੈਪੁਰ, ਨਾਗਪੁਰ ਆਦਿ।

## ਪਾਠ-11

## ਪ੍ਰਸ਼ਾਸ਼ਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਿਲ ਪ੍ਰਸ਼ਾਸ਼ਨ ਦਾ ਵਿਕਾਸ

ਪ੍ਰਸ਼ਨ1: ਈਸਟ ਇੰਡੀਆ ਕੰਪਨੀ ਦੇ ਕੰਮਾਂ ਦੀ ਜਾਂਚ ਕਰਨ ਲਈ ਕਦੋਂ ਅਤੇ ਕਿਹੜਾ ਐਕਟ ਪਾਸ ਕੀਤਾ ਗਿਆ?

ੳ: 1773 ਈ. ਵਿੱਚ ਰੈਗੂਲੇਟਿੰਗ ਐਕਟ।

ਪ੍ਰਸ਼ਨ2: ਭਾਰਤ ਵਿੱਚ ਸਿਵਲ ਸਰਵਿਸ ਦਾ ਮੋਢੀ ਕੌਣ ਸੀ?

ਉੱਤਰ: ਲਾਰਡ ਕਾਰਨਵਾਲਿਸ।

ਪ੍ਰਸ਼ਨ3: ਕਦੋਂ ਅਤੇ ਕਿਹੜਾ ਪਹਿਲਾ ਭਾਰਤੀ ਸਿਵਲ ਸਰਵਿਸ ਦੀ ਪ੍ਰੀਖਿਆ ਪਾਸ ਕਰ ਸਕਿਆ ਸੀ?

ੳ: 1863 ਈ. ਵਿੱਚ ਸਤਿੰਦਰ ਨਾਥ ਟੈਗੋਰ।

ਪ੍ਰਸ਼ਨ4: ਸੈਨਾ ਵਿੱਚ ਭਾਰਤੀ ਸੈਨਿਕਾਂ ਨੂੰ ਦਿੱਤੀ ਜਾਣ ਵਾਲੀ ਸੱਭ ਤੋਂ ਵੱਡੀ ਪੱਦਵੀ ਕਿਹੜੀ ਸੀ?

ੳ: ਸੂਬੇਦਾਰ।

ਪ੍ਰਸ਼ਨ 5: ਕਿਹੜੇ ਗਵਰਨਰ ਜਨਰਲ ਨੇ ਪੁਲਿਸ ਵਿਭਾਗ ਵਿੱਚ ਸੁਧਾਰ ਕੀਤੇ ਅਤੇ ਕਿਉਂ?

ੳ: ਲਾਰਡ ਕਾਰਨਵਾਇਸ ਨੇ।

1. ਇਸਦਾ ਉਦੇਸ਼- ਰਾਜ ਵਿੱਚ ਕਾਨੂੰਨ ਵਿਵਸਥਾ ਅਤੇ ਸ਼ਾਂਤੀ ਸਥਾਪਿਤ ਕਰਨਾ ਸੀ।

ਪ੍ਰਸ਼ਨ6: ਰੈਗੂਲੇਟਿੰਗ ਐਕਟ ਤੋਂ ਕੀ ਭਾਵ ਹੈ?

ੳ: ਅੰਗਰੇਜੀ ਈਸਟ ਕੰਪਨੀ ਨੇ 1773 ਈ. ਵਿਚ ਇਹ ਐਕਟ ਪਾਸ ਕੀਤਾ।

1. ਬੰਗਾਲ ਵਿੱਚ ਗਵਰਨਰ ਜਨਰਲ ਅਤੇ ਚਾਰ ਮੈਂਬਰਾਂ ਦੀ ਕੌਂਸ਼ਿਲ ਸਥਾਪਿਤ ਕੀਤੀ ਗਈ।

2. ਇਸਨੂੰ ਸ਼ਾਸਨ-ਪ੍ਰਬੰਧ ਦੇ ਫੈਂਸਲੇ ਕਰਨ ਦਾ ਅਧਿਕਾਰ ਦਿੱਤਾ ਗਿਆ।

3. ਇਸਨੂੰ ਬੰਬਈ ਅਤੇ ਮਦਰਾਸ ਦੀਆਂ ਸਰਕਾਰਾਂ ਉੱਤੇ ਕੰਟਰੋਲ ਰੱਖਣ ਦਾ ਵੀ ਅਧਿਕਾਰ ਸੀ।

ਪ੍ਰਸ਼ਨ 7: ਪਿਟਸ ਇੰਡੀਆ ਐਕਟ ਤੇ ਨੋਟ ਲਿਖੋ।

ਉ: ਇਹ ਐਕਟ 1784 ਈ. ਵਿਚ ਪਾਸ ਹੋਇਆ।

1. ਬੋਰਡ ਆੱਫ ਕੰਟਰੋਲ ਦੀ ਸਥਾਪਨਾ ਕੀਤੀ ਗਈ।

2. ਇਸ ਬੋਰਡ ਦੇ 6 ਮੈਂਬਰ ਸਨ।

3. ਵਪਾਰਿਕ ਪ੍ਰਬੰਧ ਨੂੰ ਰਾਜਨੀਤਿਕ ਪ੍ਰਬੰਧ ਤੋਂ ਅਲੱਗ ਕਰ ਦਿਤਾ ਗਿਆ।

4. ਗਵਰਨਰ-ਜਨਰਲ ਦੀ ਪਰਿਸ਼ਦ ਦੇ ਮੈਂਬਰਾਂ ਦੀ ਗਿਣਤੀ 4 ਤੋਂ ਘਟਾ 3 ਕਰ ਦਿੱਤੀ ਗਈ।

ਪ੍ਰਸ਼ਨ 8: 1858 ਈ. ਤੋਂ ਬਾਅਦ ਸੈਨਾ ਵਿੱਚ ਕਿਹੜੀਆਂ-2 ਤਬਦੀਲੀਆਂ ਕੀਤੀਆਂ ਗਈਆਂ?

ਉ: * ਅੰਗਰੇਜੀ ਸੈਨਿਕਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਗਿਆ।

1. ਤੋਪਖਾਨੇ ਵਿੱਚੋਂ ਕੇਵਲ ਅੰਗਰੇਜਾਂ ਨੂੰ ਹੀ ਨਿਯੁਕਤ ਕੀਤਾ ਗਿਆ।

2. ਭਾਰਤੀ ਸੈਨਿਕਾਂ ਦੀ ਗਿਣਤੀ ਘਟਾ ਦਿੱਤੀ ਗਈ।

3. ਸਿੱਖਾਂ ਅਤੇ ਗੋਰਖਿਆਂ ਨੂੰ ਸੈਨਾ ਵਿੱਚ ਭਰਤੀ ਕੀਤਾ ਜਾਣ ਲੱਗਾ।

4. ਸੈਨਿਕਾਂ ਟੁਕੜੀਆਂ ਧਰਮ ਤੇ ਜਾਤ ਦੇ ਆਧਾਰ ਤੇ ਬਣਾਈਆਂ ਗਈਆਂ।

ਪ੍ਰਸ਼ਨ 9: ਨਿਆਂ ਵਿਵਸਥਾ ਤੇ ਨੋਟ ਲਿਖੋ।

ਉ: 1. ਵਾਰਨ ਹੇਸਟਿੰਗਜ਼ ਨੇ ਦੀਵਾਨੀ ਅਤੇ ਸਦਰ ਨਿਜ਼ਾਮਤ ਅਦਾਲਤ ਸਥਾਪਿਤ ਕੀਤੀ।

2. ਕੱਲਕੱਤੇ ਵਿੱਚ ਸਰਵਉਚ ਅਦਾਲਤ ਦੀ ਸਥਾਪਨਾ ਕੀਤੀ ਗਈ।

3. ਕਾਰਨਵਾਲਿਸ ਕੋਡ ਨਾਂ ਦੀ ਪੁਸਤਕ ਤਿਆਰ ਕੀਤੀ ਗਈ।

4. ਬੰਗਾਲ ਵਿੱਚ ਜਿਉਰੀ ਪ੍ਰਥਾ ਦੀ ਸਥਾਪਨਾ ਕੀਤੀ ਗਈ।

5. ਦੇਸ਼ ਵਿੱਚ ਕਾਨੂੰਨ ਦਾ ਸ਼ਾਸਨ ਲਾਗੂ ਕੀਤਾ ਗਿਆ।

## ਪਾਠ-12

## ਪੇਂਡੂ ਜੀਵਨ ਅਤੇ ਸਮਾਜ

ਪ੍ਰਸ਼ਨ1: ਸਥਾਈ ਬੰਦੋਬਸਤ ਕਿਸਨੇ ਕਦੋਂ ਅਤੇ ਕਿਥੇ ਸ਼ੁਰੂ ਕੀਤਾ ਸੀ?

ਉ: ਲਾਡਵ ਕਾਰਨਵਾਲਿਸ ਨੇ 1793 ਈ. ਵਿੱਚ ਬੰਗਾਲ ਵਿੱਚ।

ਪ੍ਰਸ਼ਨ2: ਰੱਈਅਤਵਾੜੀ ਪ੍ਰਬੰਧ ਕਿਸਨੇ, ਕਦੋਂ ਅਤੇ ਕਿੱਥੇ-ਕਿੱਥੇ ਸ਼ੁਰੂ ਕੀਤਾ?

ਉ: ਥਾਮਸ ਮੁਨਰੋਂ ਨੇ 1820 ਈ. ਵਿੱਚ ਮਦਰਾਸ ਅਤੇ ਬੰਬਈ ਵਿੱਚ।

ਪ੍ਰਸ਼ਨ3: ਕ੍ਰਿਸ਼ੀ ਦਾ ਵਣਜੀਕਰਣ ਕਿਵੇਂ ਹੋਇਆ?

6. ਅੰਗਰੇਜੀ ਨੇ ਭੂਮੀ ਕਰ ਦੀਆਂ ਨਵੀਆਂ ਪ੍ਰਣਾਲੀਆਂ ਲਾਗੂ ਕਰ ਦਿੱਤੀਆਂ।

7. ਜਿਸ ਕਾਰਨ ਕਿਸਾਨ ਵੱਧ ਧਮਨ ਕਾਉਣ ਲਈ ਫਸਲਾਂ ਬੀਜਣ ਲੱਗੇ।

8. ਜਿਸ ਨਾਲ ਹੌਲੀ-ਹੌਲੀ ਖੇਤੀ ਦਾ ਵਣਜੀਕਰਨ ਸ਼ੁਰੂ ਹੋ ਗਿਆ।

ਪ੍ਰਸ਼ਨ4: ਵਣਜੀਕਰਨ ਦੀਆਂ ਮੁੱਖ ਫਸਲਾਂ ਕਿਹੜੀਆਂ ਸਨ?

ਉ: ਕਣਕ, ਕਪਾਹ, ਤੇਲ ਦੀ ਬੀਜ, ਗੰਨਾਂ ਪਟਸਨ ਆਦਿ।

ਪ੍ਰਸ਼ਨ5: ਕ੍ਰਿਸ਼ੀ ਦੇ ਵਣਜੀਕਰਨ ਦੇ ਦੋ ਮੁੱਖ ਲਾਭ ਦੱਸੋ?

ਉ: (1) ਵੱਖ-2 ਪ੍ਰਕਾਰ ਦੀਆਂ ਫਸਲਾਂ ਉਗਾਈਆਂ ਜਾਣ ਲੱਗੀਆਂ।

(2) ਕਿਸਾਨਾਂ ਦਾ ਸ਼ਹਿਰਾਂ ਨਾਲ ਸੰਪਰਕ ਹੋ ਜਾਣ ਕਾਰਨ ਉਹਨਾਂ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ।

ਪ੍ਰਸ਼ਨ6: ਕ੍ਰਿਸ਼ੀ ਦੇ ਵਣਜੀਕਰਨ ਦੀਆਂ ਦੋ ਮੁੱਖ ਹਾਨੀਆਂ ਦੱਸੋ?

ਉ: 1. ਕਿਸਾਨ ਨੂੰ ਆਪਣੀ ਫਸਲ ਆੜਤੀਏ ਦੀ ਸਹਾਇਤਾ ਨਾਲ ਵੇਚਣੀ ਪੈਂਦੀ ਸੀ ਜਿਹੜਾ ਕਿ ਜਿਆਦਾ

ਮੁਨਾਫਾ ਆਪ ਰੱਖ ਲੈਂਦਾ ਸੀ।

2. ਕਿਸਾਨ ਨੂੰ ਉਸਦੀ ਫਸਲ ਦਾ ਪੂਰਾ ਮੁੱਲ ਵੀ ਨਹੀਂ ਮਿਲਦਾ ਸੀ।

ਪ੍ਰਸ਼ਨ7: ਸਥਾਈ ਬੰਦੋਬਸਤ ਕੀ ਸੀ? ਉਸਦੇ ਕੀ ਆਰਥਿਕ ਪ੍ਰਭਾਵ ਪਏ?

ਉ: ਸਥਾਈ ਬੰਦੋਬਸਤ ਨੂੰ 1793 ਵਿੱਚ ਲਾਰਡ-ਕਾਰਨ ਵਾਲਿਸ ਨੇ ਬੰਗਾਲ ਵਿੱਚ ਲਾਗੂ ਕੀਤਾ ਸੀ। ਇਸ ਅਨੁਸਾਰ ਜਿਮੀਦਾਰ ਹਮੇਸ਼ਾ ਲਈ ਭੂਮੀ ਦੇ ਮਾਲਕ ਬਣ ਗਏ।

ਆਰਥਿਕ ਪ੍ਰਭਾਵ:-

1. ਕਰ ਦੀ ਰਕਮ ਨਿਸ਼ਚਿਤ ਹੋ ਗਈ।

2. ਜੇਕਰ ਕੋਈ ਜਿੰਮੀਦਾਰ ਕਰ ਨਹੀ ਦੇ ਸਕਦਾ ਸੀ ਤਾਂ ਉਸਦੀ ਜਮੀਨ ਦਾ ਟੁਕੜਾ ਵੇਚ ਦਿਤਾ ਜਾਂਦਾ ਸੀ।

3. ਕਿਸਾਨਾਂ ਤੋਂ ਵੱਧ ਕਰ ਲਿਆ ਜਾਂਦਾ ਸੀ।

4. ਜਿੰਮੀਦਾਰ ਕਿਸਾਨਾਂ ਦਾ ਸੋਸ਼ਣ ਕਰਦੇ ਸਨ।

ਪ੍ਰਸ਼ਨ8: ਨੀਲ ਵਿਦਰੋਹ ਤੋਂ ਤੁਸੀ ਕੀ ਜਾਣਦੇ ਹੋ?

ਉ: ਨੀਲ ਵਿਦਰੋਹ ਬੰਗਾਲ ਅਤੇ ਬਿਹਾਰ ਵਿੱਚ ਹੋਇਆ।

1. ਇਹ 1858-1860 ਈ. ਤੱਕ ਹੋਇਆ।

2. ਕਿਸਾਨਾਂ ਨੇ ਨੀਲ ਦੇ ਖੇਤੀ ਕਰਨ ਤੋਂ ਮਨ੍ਹਾ ਕਰ ਦਿੱਤਾ।

3. ਕਿਸਾਨਾਂ ਨੂੰ ਧਮਕੀ ਦੇ ਕੇ ਅੰਦੋਲਨ ਬੰਦ ਕਰਨ ਲਈ ਮਜਬੂਰ ਕੀਤਾ ਗਿਆ।

4. ਨੀਲ ਸੰਕਟ ਉਦੋਂ ਤੱਕ ਜਾਰੀ ਰਿਹਾ ਜਦੋਂ 20ਵੀਂ ਸਦੀ ਦੇ ਆਰੰਭ ਵਿੱਚ ਮੋਹਨ ਦਾਸ ਕਰਮ ਚੰਦ

ਗਾਂਧੀ ਨੇ ਨੀਲ ਕਿਸਾਨਾਂ ਦੇ ਪੱਖ ਵਿੱਚ ਸਮਰਥਨ ਦਿੱਤਾ।

## ਪਾਠ-13

## ਬਸਤੀਵਾਦ ਅਤੇ ਕਬਾਇਲੀ ਸਮਾਜ

ਪ੍ਰਸ਼ਨ1: ਕਬਾਇਲੀ ਸਮਾਜ ਦੇ ਲੋਕ ਵੱਧ ਗਿਣਤੀ ਵਿੱਚ ਕਿਹੜੇ ਰਾਜਾਂ ਵਿੱਚ ਰਹਿੰਦੇ ਹਨ?

ਉ: ਰਾਜਸਥਾਨ, ਗੁਜਰਾਤ, ਬਿਹਾਰ, ਉੜੀਸਾ, ਮੱਧ ਪ੍ਰਦੇਸ਼।

ਪ੍ਰਸ਼ਨ2: ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਦੇ ਕਿਹੜੇ ਹਨ?

ਉ: ਪਸ਼ੂ-ਪਾਲਣਾ, ਸ਼ਿਕਾਰ ਕਰਨਾ, ਖੇਤੀ ਕਰਨਾ, ਮੱਛੀਆਂ ਫੜ੍ਹਨਾ, ਭੋਜਨ ਇਕੱਠ ਕਰਨਾ।

ਪ੍ਰਸ਼ਨ3: ਕਬਾਇਲੀ ਸਮਾਜ ਦੇ ਲੋਕਾਂ ਨੇ ਕਿਹੜੇ-2 ਰਾਜਾਂ ਵਿੱਚ ਅੰਗਰੇਜਾਂ ਵਿਰੁੱਧ ਵਿਦਰੋਹ ਕੀਤੇ?

ਉ: ਮੱਧ ਪ੍ਰਦੇਸ਼, ਬਿਹਾਰ, ਉੜੀਸਾ, ਮੇਘਾਲਿਆ ਬੰਗਾਲ।

ਪ੍ਰਸ਼ਨ4: ਖਾਸੀਸ ਕਬੀਲੇ ਦਾ ਮੋਢੀ ਕੋਣ ਸੀ?

ਉ: ਤੀਰੁਤ ਸਿੰਘ

ਪ੍ਰਸ਼ਨ5: ਛੋਟੇ ਨਾਗਪੁਰ ਇਲਾਕੇ ਵਿੱਚ ਅੰਗਰੇਜਾਂ ਵਿਰੁੱਧ ਸਭ ਤੋਂ ਪਹਿਲਾਂ ਕਦੋਂ ਅਤੇ ਕਿਸ ਕਬੀਲੇ ਨੇ ਅਤੇ ਕਦੋਂ ਵਿਦਰੋਹ ਕੀਤਾ?

ਉ: 1820 ਈ. ਵਿੱਚ ਕੋਲ ਕਬੀਲੇ ਦੇ ਲੋਕਾਂ ਨੇ।

ਪ੍ਰਸ਼ਨ6 ਕਬਾਇਲੀ ਸਮਾਜ ਤੇ ਨੋਟ ਲਿਖੋ।

ਉ: * ਕਬਾਇਲੀ ਸਮਾਜ ਭਾਰਤ ਦੀ ਆਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਹਨ।

1. ਇਹਨਾਂ ਦਾ ਵੱਡਾ ਹਿੱਸਾ ਰਾਜਸਥਾਨ, ਗੁਜਰਾਤ, ਬਿਹਾਰ, ਉੜੀਸਾ ਤੇ ਮੱਧ ਪ੍ਰਦੇਸ਼ ਵਿੱਚ ਰਹਿੰਦਾ ਹੈ।

2. ਇਹ ਲੋਕ ਗੌਂਡ, ਭੀਲ, ਸਥਾਲ ਅਤੇ ਮਿਜ਼ੋ ਆਦਿ ਕਬੀਲਿਆ ਨਾਲ ਸਬੰਧ ਰੱਖਦੇ ਹਨ।

3. ਇਹਨਾਂ ਵਿਚੋਂ ਗੋਂਡ ਦੀ ਗਿਣਤੀ ਸੱਭ ਤੋਂ ਵੱਧ ਹੈ।

ਪ੍ਰਸ਼ਨ7: ਬਿਰਸਾ ਮੁੰਡਾ ਬਾਰੇ ਤੁਸੀ ਕੀ ਜਾਣਦੇ ਹੋ?

ੳ: 1 ਬਿਰਸਾ ਮੁੰਡਾ ਬਿਹਾਰ (ਛੋਟਾ ਨਾਗਪੁਰ) ਦੇ ਮੰਡਾ ਕਬੀਲੇ ਦੇ ਵਿਦਰੋਹ ਦਾ ਨੇਤਾ ਸੀ।

2. ਉਹ ਇੱਕ ਸ਼ਕਤੀ ਸ਼ਾਲੀ ਵਿਅਕਤੀ ਸੀ।

3. ਉਸਨੂੰ ਪਰਮਾਤਮਾ ਦਾ ਦੂਤ ਮੰਨਿਆਂ ਜਾਂਦਾ ਸੀ।

4. ਉਸਨੂੰ ਮੁੰਡਾ ਲੋਕਾਂ ਦੀਆਂ ਜਮੀਨਾ ਖੋਹਣ ਵਾਲੇ ਗੈਰ-ਕਬਾਇਲੀ ਲੋਕਾਂ ਵਿਰੁੱਧ ਧਰਨਾ ਦਿੱਤਾ ਸੀ।

5. ਜਿਹੜੇ ਮੁੰਡਾ ਜਾਤੀ ਦੇ ਲੋਕਾਂ ਨਾਲ ਬੁਰਾ ਸਲੂਕ ਕਰਦੇ ਸਨ।

6. ਉਸਨੂੰ ਕਿਸਾਨਾ ਨੂੰ ਕਿਹਾ ਕਿ ਉਹ ਜਿਮੀਦਾਰਾਂ ਨੂੰ ਕਰ ਨਾ ਦੇਣ।

7. ਪਰ ਅੰਤ ਵਿੱਚ ਅੰਗਰੇਜਾਂ ਨੇ ਬਿਰਸਾ ਮੁੰਡਾ ਨੂੰ ਫੜ੍ਹ ਲਿਆ।

ਪ੍ਰਸ਼ਨ8: ਮੁੰਡਾ ਕਬੀਲੇ ਦੁਆਰਾ ਕੀਤੇ ਗਏ ਵਿਦਰੋਹ ਦੇ ਪ੍ਰਭਾਵ ਲਿਖੋਂ।

ੳ: ਅੰਗਰੇਜੀ ਸਰਕਾਰ ਨੇ ਛੋਟਾ ਨਾਗਪੁਰ ਐਕਟ 1908 ਖਾਸ ਕਰ ਦਿਤਾ ਜਿਸਦੇ ਕਾਰਨ ਛੋਟੇ ਕਿਸਾਨਾਂ ਨੂੰ ਜਮੀਨ ਦੇ ਹੱਕ ਮਿਲ ਗਏ।

- ਛੋਟਾ ਨਾਗਪੁਰ ਖੇਤਰ ਦੇ ਲੋਕ ਸਮਾਜਿਕ ਧਾਰਮਿਕ ਪੱਖ ਤੋਂ ਜਾਗਰੂਕ ਬਣ ਗਏ।

- ਅਨੇਕਾਂ ਲੋਕ ਬਿਰਸਾ ਮੁੰਡਾ ਦੀ ਪੂਜਾ ਕਰਨ ਲੱਗੇ।

- ਅਨੇਕਾਂ ਅੰਦੋਲਨਾਂ ਦੀ ਸ਼ੁਰੂਆਤ ਹੋ ਗਈ।

- ਕਬਾਇਲੀ ਲੋਕ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਲੱਗੇ।

## ਪਾਠ-14

## ਦਸਤਕਾਰੀ ਅਤੇ ਉਦਯੋਗ

1ਪ੍ਰ:- ਭਾਰਤ ਲਘੂ ਉਦਯੋਗਾਂ ਦੇ ਪਤਨ ਦੇ ਦੋ ਕਾਰਨ ਲਿਖੋ?

ਉੱਤਰ:- (1) ਦੇਸੀ ਰਿਆਸਤਾਂ ਦੀ ਸਮਾਪਤੀ (2) ਭਾਰਤ ਤੋਂ ਕੱਚਾ ਮਾਲ ਇੰਗਲੈਂਡ ਭੇਜਣਾ।

2ਪ੍ਰ:- ਭਾਰਤ ਦੇ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਕਿਉਂ ਵੱਧ ਹੁੰਦੀ ਸੀ?

ਉੱਤਰ:- ਕਿਉਂ ਕਿ ਉਹਨਾਂ ਨੂੰ ਤਿਆਰ ਕਰਨ ਲਈ ਵੱਧ ਮਿਹਨਤ ਕਰਨੀ ਪੈਂਦੀ ਸੀ।

3ਪ੍ਰ:- ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਉਦਯੋਗ ਕਦੋਂ ਅਤੇ ਕਿੱਥੇ ਲਗਾਇਆ ਗਿਆ?

ਉੱਤਰ:- 1853 ਈ: ਵਿੱਚ (ਮੁੰਬਈ) ਬੰਬਈ ਵਿਖੇ।

4ਪ੍ਰ:- ਭਾਰਤ ਵਿੱਚ ਪਹਿਲਾ ਪਟਸਨ ਉਦਯੋਗ ਕਦੋਂ ਅਤੇ ਕਿੱਥੇ ਲਗਾਇਆ ਗਿਆ?

ਉੱਤਰ:- 1854 ਈ: ਵਿੱਚ ਸੈਰਮਪੁਰ (ਬੰਗਾਲ) ਵਿਖੇ।

5ਪ੍ਰ:- ਭਾਰਤ ਵਿੱਚ ਕੌਫ਼ੀ ਦਾ ਪਹਿਲਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ?

ਉੱਤਰ:- 1840 ਈ: ਵਿੱਚ ਦੱਖਣੀ ਭਾਰਤ ਵਿੱਚ।

6ਪ੍ਰ:- ਚਾਹ ਦਾ ਪਹਿਲਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ?

ਉੱਤਰ:- 1852 ਈ: ਵਿੱਚ ਆਸਾਮ ਵਿੱਚ।

7ਪ੍ਰ:- 19ਵੀਂ ਸਦੀ ਵਿੱਚ ਲਘੂ ਉਦਯੋਗਾਂ ਦੇ ਪਤਨ ਬਾਰੇ ਲਿਖੋ।

ਉੱਤਰ:- 19ਵੀਂ ਸਦੀ ਵਿੱਚ ਅੰਗਰੇਜ਼ੀ ਰਾਜ ਦੀ ਸਥਾਪਨਾ ਹੋਣ ਕਰਕੇ ਪਿੰਡਾਂ ਦੇ ਲੋਕ ਅੰਗਰੇਜ਼ੀ ਕਾਰਖਾਨਿਆਂ ਵਿੱਚ ਤਿਆਰ ਵਧੀਆ ਅਤੇ ਸਸਤੀਆਂ ਵਸਤਾਂ ਦੀ ਵਰਤੋਂ ਕਰਨ ਲੱਗ ਪਏ, ਜਿਸ ਕਾਰਨ ਲਘੂ ਉਦਯੋਗਾਂ ਦਾ ਪਤਨ ਸ਼ੁਰੂ ਹੋ ਗਿਆ।

8ਪ੍ਰ: ਨੀਲ ਉਦਯੋਗ ਦਾ ਵਰਣਨ ਕਰੋ।

ਉੱਤਰ:- 18ਵੀਂ ਸਦੀ ਦੇ ਅੰਤ ਵਿੱਚ ਯੂਰਪੀਨਾਂ ਨੇ ਬਿਹਾਰ ਅਤੇ ਬੰਗਾਲ ਵਿੱਚ ਨੀਲ ਦੇ ਵੱਡੇ-ਵੱਡੇ ਬਾਗ ਲਗਾਏ ਅਤੇ ਇਹਨਾਂ ਵਿੱਚ ਭਾਰਤੀ ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ।

## ਪਾਠ-15

## 1857 ਈ: ਦਾ ਵਿਦਰੋਹ

1ਪ੍ਰ:- 1857 ਈ: ਦੇ ਵਿਦਰੋਹ ਦੇ ਕਿਹੜੇ ਦੋ ਰਾਜਨੀਤਿਕ ਕਾਰਨ ਸਨ?

ਉੱਤਰ:- (1) ਨਾਨਾ ਸਾਹਿਬ ਦੀ ਪੈਨਸ਼ਨ ਬੰਦ ਕਰਨਾ।

(2) ਲਾਰਡ ਡਲਹੌਜੀ ਦੁਆਰਾ ਲੈਪਸ ਦੀ ਨੀਤੀ ਅਪਨਾਉਣਾ।

2ਪ੍ਰ:- ਬਹਾਦੁਰ ਸ਼ਾਹ ਜਫਰ ਨੂੰ ਕੀ ਸਜ਼ਾ ਦਿੱਤੀ ਗਈ?

ਉੱਤਰ:- ਜਨਰਲ ਨਿਕਲਸਨ ਨੇ ਦਿੱਲੀ ਉੱਪਰ ਕਬਜ਼ਾ ਕਰਨ ਤੋਂ ਬਾਅਦ ਬਹਾਦਰ ਸ਼ਾਹ ਜਫਰ ਨੂੰ ਕੈਦੀ ਬਣਾ ਕੇ ਰੰਗੂਨ ਭੇਜ ਦਿੱਤਾ ਅਤੇ ਉਸਦੇ ਦੋ ਪੁੱਤਰਾਂ ਨੂੰ ਗੋਲੀ ਮਾਰ ਦਿੱਤੀ।

3 ਪ੍ਰ:- 1857 ਈ: ਦੇ ਵਿਦਰੋਹ ਦੀ ਅਸਲਫਤਾ ਦੇ ਕਾਰਣ ਦੱਸੋ?

ਉੱਤਰ:- (1)ਵਿਦਰੋਹ ਤੈਅ ਸਮੇਂ ਤੋਂ ਪਹਿਲਾਂ ਸ਼ੁਰੂ ਹੋ ਗਿਆ। (2) ਵਿਦਰੋਹੀਆਂ ਵਿੱਚ ਏਕਤਾ ਦੀ ਘਾਟ (3) ਸਾਧਨਾਂ ਦੀ ਕਮੀ (4) ਯੋਗ ਅਗਵਾਈ ਦੀ ਘਾਟ (5) ਆਵਾਜਾਈ ਦੇ ਸਾਧਨਾਂ „ਤੇ ਅੰਗਰੇਜ਼ਾਂ ਦਾ ਅਧਿਕਾਰ।

## ਪਾਠ- 16

## ਸਿੱਖਿਆ ਤੇ ਅੰਗਰੇਜੀ ਰਾਜ

ਪ੍ਰਸ਼ਨ1:- ਭਾਰਤ ਵਿੱਚ ਨਵੀਂ ਸਿੱਖਿਆ ਪ੍ਰਣਾਲੀ ਕਿਸਨੇ ਸ਼ੁਰੂ ਕੀਤੀ?

ਉ:- ਭਾਰਤ ਵਿੱਚ ਨਵੀਂ ਸਿੱਖਿਆ ਪ੍ਰਣਾਲੀ ਅੰਗਰੇਜਾ ਦੁਆਰਾ ਸ਼ੁਰੂ ਕੀਤੀ ਗਈ।

ਪ੍ਰਸ਼ਨ2:-ਵੁੱਡ ਡਿਸਪੈਚ ਕਿਸਨੇ ਸ਼ੁਰੂ ਕੀਤਾ?

ਉ:- ਵੁੱਡ ਡਿਸਪੈਚ 1854 ਵਿੱਚ ਚਾਰਲਸ ਵੁੱਡ ਨੇ ਸ਼ੁਰੂ ਕੀਤਾ।

ਪ੍ਰਸ਼ਨ3:- ਮੁਸਲਿਮ ਐਗਲੋ ਉਰੀਐਂਟਲ ਕਾਲਜ਼ ਦੀ ਸਥਾਪਨਾ ਕਦੋਂ ਤੇ ਕਿੱਥੇ ਹੋਈ?

ਉ:- ਸਰ ਸੱਯਦ ਅਹਿਮਦ ਖਾਂ ਨੇ 1875 ਵਿੱਚ ਅਲ਼ੀਗੜ੍ਹ ਵਿਖੇ ਮੁਸਲਿਮ ਐਂਗਲੋ ਓਰੀਐਂਟਲ ਕਾਲਜ਼ ਦੀ ਸਥਾਪਨਾ ਕੀਤੀ।

ਪ੍ਰਸ਼ਨ4:- ਸਰ ਸੱਯਦ ਅਹਿਮਦ ਖਾਂ ਨੂੰ ਸਰ ਦੀ ਉਪਾਧੀ ਕਦੋਂ ਮਿਲੀ ਤੇ ਉਹਨਾਂ ਦਾ ਦੇਹਾਂਤ ਕਦੋਂ ਹੋਇਆ?

ਉ:- ਸਰ ਸੱਯਦ ਅਹਿਮਦ ਖਾਂ ਨੂੰ 1898 ਵਿੱਚ „ਸਰ" ਦੀ ਉਪਾਧੀ ਦਿੱਤੀ ਗਈ। ਇਸੇ ਸਾਲ ਹੀ

ਉਹਨਾਂ ਦਾ ਦੇਹਾਂਤ ਹੋਇਆ।

ਪ੍ਰਸ਼ਨ5:- ਰਾਜਾ ਰਾਮ ਮੋਹਨ ਰਾਏ ਕਿਹੜੀਆਂ ਭਾਸ਼ਾਵਾਂ ਦੇ ਵਿਦਵਾਨ ਸਨ?

ਉ:- ਰਾਮ ਰਾਮ ਮੋਹਨ ਰਾਏ ਬੰਗਾਲੀ, ਫਾਰਸੀ, ਸੰਸਕ੍ਰਿਤ, ਉਰਦੂ, ਅੰਗਰੇਜੀ ਤੇ ਗ੍ਰੀਕ ਭਾਸ਼ਾਵਾਂ ਦੇ ਵਿਦਵਾਨ ਸਨ।

ਪ੍ਰਸ਼ਨ6:-ਈਸ਼ਵਰ ਚੰਦਰ ਵਿਦਿਆਸਾਗਰ ਨੇ ਕਿਹੜੀ ਪੁਸਤਕ ਲਿਖੀ?

ਉ:- ਈਸ਼ਵਰ ਚੰਦਰ ਵਿਦਿਆਸਾਗਰ ਨੇ ਬੰਗਾਲੀ ਭਾਸ਼ਾ ਵਿੱਚ „ਪ੍ਰੀਮਰ ਵਰਨਾ ਪ੍ਰੀਚਿਆ" ਨਾਮ ਦੀ ਪੁਸਤਕ ਲਿਖੀ।

ਵਿਧਵਾ ਆਸ਼ਰਮ ਸਥਾਪਿਤ ਕੀਤ ਅਤੇ ਸਤੀ ਪ੍ਰਥਾ ਦਹੇਜ ਦਾ ਵਿਰੋਧ ਕੀਤਾ।

ਪ੍ਰਸ਼ਨ7:-ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਲਿਖੋ?

ਉ:- ਇਸ ਨਾਲ ਭਾਰਤ ਵਿੱਚ ਕਲਰਕੀ ਸੱਭਿਆਚਾਰ ਉਤਪੰਨ ਹੋਇਆ। ਲੋਕਾਂ ਵਿਚੋਂ ਅੰਧ ਵਿਸ਼ਵਾਸ ਖਤਮ ਹੋਇਆ। ਦੂਜੇ ਦੇਸ਼ਾ ਦਾ ਇਤਿਹਾਸ ਪੜ੍ਹ ਕੇ ਭਾਰਤੀ ਅਜ਼ਾਦੀ ਪ੍ਰਾਪਤ ਕਰਨ ਲਈ ਜਾਗ੍ਰਿਤ ਹੋਏ।

ਪ੍ਰਸ਼ਨ8:-ਆਧੁਨਿਕ ਸਿੱਖਿਆ ਪ੍ਰਣਾਲੀ ਵਿੱਚ ਹੇਠ ਲਿਖੇ ਵਿਦਵਾਨਾ ਦੇ ਯੋਗਦਾਨ ਬਾਰੇ ਦੱਸੋ?

ਉ:- 1.ਰਾਜਾ ਰਾਮ ਮੋਹਨ ਰਾਏ:- ਆਪ ਪੱਛਮੀ ਸਿੱਖਿਆ ਦੇ ਹੱਕ ਵਿੱਚ ਸਨ। ਉਹਨਾਂ ਨੇ ਕੱਲਕੱਤਾ ਵਿੱਚ ਅੰਗਰੇਜੀ ਸਕੂਲ ਖੋਲਿਆ, ਇੱਕ ਵੇਦਾਂਤ ਕਾਲਜ਼ ਸਥਾਪਿਤ ਕੀਤਾ। ਉਹਨਾਂ ਕਈ ਪੁਸਤਕਾਂ ਲਿਖੀਆਂ।

2.ਸਵਾਮੀ ਦਿਯਾਨੰਦ ਸਰਸਵਤੀ:- ਇਹ ਵੈਦਿਕ ਸਿੱਖਿਆ ਦੇ ਨਾਲ ਨਾਲ ਪੱਛਮੀ ਸਿੱਖਿਆ ਦੇ ਹੱਕ ਵਿੱਚ ਵੀ ਸਨ। ਉਹਨਾਂ ਨੇ ਸਿੱਖਿਆ ਪ੍ਰਚਾਰ ਲਈ ਬਹੁਤ ਕੰਮ ਕੀਤਾ ਉਹਨਾਂ ਦੇ ਨਾਮ ਤੇ ਹੀ ਦਯਾਨੰਦ -ਐਂਗਲੋ-ਵੈਦਿਕ ਸਕੂਲ, ਕਾਲਜ਼ ਖੋਲੇ ਗਏ।

3)ਸਵਾਮੀ ਵਿਵੇਕਾਨੰਦ:-ਆਪ ਨੇ ਬਹੁਤ ਸਾਰੇ ਸਕੂਲ ਕਾਲਜ਼ ਖੋਲੇ। ਰਾਮ ਕਿਸ਼ਨ ਮਿਸ਼ਨ ਦੀ ਸਥਾਪਨਾ ਕੀਤੀ।

4)ਈਸ਼ਵਰ ਚੰਦਰ ਵਿਦਿਆਸਾਗਰ:- ਉਹਨਾਂ ਨੇ ਪ੍ਰੀਮਰ ਵਰਨਾ ਪ੍ਰੀਚਿਆ ਪੁਸਤਕ ਲਿਖੀ। ਇਸਤਰੀਆਂ ਲਈ ਸਕੂਲ ਕਾਲਜ਼ ਖੋਲੇ।

## ਪਾਠ–17

## ਇਸਤਰੀਆਂ ਤੇ ਸੁਧਾਰ

ਪ੍ਰਸ਼ਨ1:- ਸਤੀ ਪ੍ਰਥਾ ਕਦੋਂ, ਕਿਸਨੇ ਅਤੇ ਕਿਸਦੇ ਯਤਨਾਂ ਸਦਕਾ ਗੈਰ ਕਾਨੂੰਨ ਘੋਸ਼ਿਤ ਕੀਤੀ ਗਈ?

ੳ:- ਸਤੀ ਪ੍ਰਥਾ ਨੂੰ 1829 ਈ: ਵਿੱਚ ਰਾਜ ਰਾਮ ਮੋਹਨ ਰਾਏ ਦੇ ਯਤਨਾਂ ਕਾਰਨ, ਸਰ ਵਿਲੀਅਮ ਬੈਂਟਿਕ ਨੇ ਗੈਰ ਕਾਨੂੰਨੀ ਘੋਸ਼ਿਸ਼ ਕੀਤਾ।

ਪ੍ਰਸ਼ਨ2:-ਕਿਸ ਸਾਲ ਵਿੱਚ ਵਿਧਵਾ ਵਿਆਹ ਕਰਾਉਣ ਦੀ ਕਾਨੂੰਨੀ ਤੌਰ ਤੇ ਆਗਿਆ ਦਿੱਤੀ ਗਈ?

ੳ:- ਵਿਧਵਾ ਵਿਆਹ ਦੀ ਕਾਨੂੰਨੀ ਆਗਿਆ 1856 ਵਿੱਚ ਦਿੱਤੀ ਗਈ।

ਪ੍ਰਸ਼ਨ3:- ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕਦੋਂ ਕਿਸਨੇ ਕੀਤੀ?

ੳ:- 1920 ਵਿੱਚ ਸਰ ਸੱਯਦ ਅਹਿਮਦ ਖਾਂ ਦੁਆਰਾ ਬਣਾਏ ਕਾਲਜ ਨੂੰ ਹੀ ਅਲੀਗੜ੍ਹ ਮੁਸਲਿਮ ਯੂਨਵਰਸਿਟੀ ਵਿੱਚ ਬਦਲਿਆ ਗਿਆ।

ਪ੍ਰਸ਼ਨ4:- ਨਾਮਧਾਰੀ ਅੰਦੋਲਨ ਦੀ ਸਥਾਪਨਾ ਕਦੋਂ ਕਿਥੇ ਕਿਸ ਦੁਆਰਾ ਕੀਤੀ ਗਈ।

ੳ:- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅ੍ਰਪੈਲ 1857 ਵਿੱਚ ਭੈਣੀ ਸਾਹਿਬ ਲੁਧਿਆਣਾ ਵਿਖੇ ਨਾਮਧਾਰੀ ਅੰਦੋਲਨ ਦੀ ਸਥਾਪਨਾ ਕੀਤੀ।

ਪ੍ਰਸਨ5:- ਸਿੰਘ ਸਭਾ ਨੇ ਇਸਤਰੀ ਸਿੱਖਿਆ ਲਈ ਕਿਥੇ ਕਿਥੇ ਵਿੱਦਿਅਕ ਸੰਸਥਾਂਵਾ ਸਥਾਪਿਤ ਕੀਤੀਆਂ?

ੳ:- ਸਿੰਘ ਸਭਾ ਨੇ ਇਸਤਰੀ ਸਿੱਖਿਆ ਦੇ ਪ੍ਰਸਾਰ ਲਈ ਫਿਰੋਜਪੁਰ, ਕੈਰੋਂ, ਭਸੌੜ ਵਿਖੇ ਵਿੱਦਿਅਕ ਸੰਸਥਾਵਾਂ ਖੋਲੀਆਂ।

ਪ੍ਰਸ਼ਨ6:-ਰਾਜ ਰਾਮ ਮੋਹਨ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਬਾਰੇ ਪਾਏ ਗਏ ਯੋਗਦਾਨ ਦਾ ਸੰਖੇਪ ਵਰਨਣ ਕਰੋ?

ੳ:- ਰਾਜਾ ਰਾਮ ਮੋਹਨ ਰਾਏ ਦੇ ਯਤਨਾਂ ਸਦਕਾ ਸਤੀ ਪ੍ਰਥਾ ਖਤਮ ਹੋਈ ਤੇ ਇਸ ਤੋਂ ਇਲਾਵਾ ਉਹਨਾਂ ਬਾਲ ਵਿਆਹ, ਕੁੜੀਆਂ ਦੀ ਹੱਤਿਆ ਬਹੁ ਵਿਆਹ, ਪੁਰਦਾ ਪ੍ਰਥਾ ਦੀ ਨਿਖੇਧੀ ਕੀਤੀ ਤੇ ਇਸਤਰੀ ਸਿੱਖਿਆ ਲਈ ਬਹੁਤ ਯੋਗਦਾਨ ਪਾਇਆ।

ਪ੍ਰਸ਼ਨ7:- ਈਸ਼ਵਰ ਚੰਦਰ ਵਿਦਿਆਸਾਗਰ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਸਬੰਧੀ ਕੀ ਯੋਗਦਾਨ ਦਿੱਤਾ ਗਿਆ?

ਉ:- ਈਸ਼ਵਰ ਚੰਦਰ ਨੇ ਲੜਕੀਆਂ ਨੂੰ ਪੜਾਉਣ ਲਈ ਖੁਦ ਆਪਣੇ ਖਰਚੇ ਤੇ ਬੰਗਾਲ ਵਿੱਚ ਸਕੂਲ ਸਥਾਪਤ ਕੀਤੇ। ਉਹਨਾਂ ਵਿਧਵਾ ਵਿਆਹ ਸਬੰਧੀ ਸੰਘਰਸ਼ ਸ਼ੁਰੂ ਕੀਤਾ।

ਪ੍ਰਸ਼ਨ8:-ਸਵਾਮੀ ਦਇਆਨੰਦ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ ਯੋਗਦਾਨ ਦਿੱਤਾ ਗਿਆ?

ਉ:- ਸਵਾਮੀ ਜੀ ਨੇ ਬਾਲ ਵਿਆਹ ਦਾ ਵਿਰੋਧ ਕੀਤਾ ਉਹਨਾਂ ਵਿਧਵਾ ਪੁਨਰ ਵਿਆਹ ਦਾ ਪ੍ਰਚਾਰ ਕੀਤਾ।

ਪ੍ਰਸ਼ਨ9:-19 ਵੀ ਸਦੀ ਵਿੱਚ ਇਸਤਰੀਆਂ ਦੀ ਦਸ਼ਾ ਦਾ ਵਰਨਣ ਕਰੋ?

ਉ:- 19 ਵੀਂ ਸਦੀ ਵਿੱਚ ਇਸਤਰੀਆਂ ਦੀ ਹਾਲਤ ਤਰਸਯੋਗ ਸੀ ਉਸ ਸਮੇਂ ਸਤੀ ਪ੍ਰਥਾ, ਲੜਕੀਆਂ ਦੀ ਹੱਤਿਆ ਪਰਦਾ ਪ੍ਰਥਾ ਤੇ ਗੁਲਾਮੀ ਵਰਗਆਂ ਕੁਰੀਤੀਆਂ ਪ੍ਰਚਲਿਤ ਸਨ।

## ਪਾਠ-18

## ਜਾਤੀ ਪ੍ਰਥਾ ਨੂੰ ਚਣੌਤੀ

ਪ੍ਰਸ਼ਨ1 ਜੋਤਿਬਾ ਫੂਲੇ ਨੇ ਨੀਵੀ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕਿਹੜੇ ਕਾਰਜ ਕੀਤੇ?

ਉਤਰ: 1.ਉਹਨਾਂ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਦਾ ਸੁਧਾਰ ਕਰਨ ਲਈ ਸੱਭ ਤੋਂ ਪਹਿਲਾਂ ਨੀਵੀਂ ਜਾੀ ਦੀਆਂ ਲੜਕੀਆਂ ਦੀ ਪੜ੍ਹਾਈ ਲਈ ਪੂਨੇ ਵਿੱਚ ਤਿੰਨ ਸਕੂਲ ਖੋਲੇ।

2.ਇਹਨਾਂ ਸਕੂਲਾਂ ਵਿੱਚ ਜੋਤਿਬਾ ਫੂਲੇ ਅਤੇ ਉਸਦੀ ਪਤਨੀ ਆਪ ਪੜਾਉਂਦੇ ਸਨ।

3.ਉਹਨਾਂ ਨੇ ਬ੍ਰਾਹਮਣਾ ਦੁਆਰਾ ਨੀਵੀਆਂ ਜਾਤੀਆਂ ਦੇ ਲੋਕਾਂ ਤੇ ਹੋ ਰਹੇ ਅੱਤਿਆਚਾਰ ਦੀ ਨਿੰਦਾ ਕੀਤੀ।

4.ਉਹਨਾਂ ਨੇ ਨੀਂਵੀ ਜਾਤੀ ਦੇ ਲੋਕਾਂ ਨੂੰ ਬ੍ਰਾਹਮਣਾ ਤੋਂ ਬਿਨ੍ਹਾਂ ਵਿਆਹ ਦੀ ਰਸਮ ਕਰਨ ਦੀ ਸਲਾਹ ਦਿਤੀ।

ਪ੍ਰਸਨ2 ਸਮਾਜ ਸੁਧਾਰਕਾਂ ਨੇ ਜਾਤੀ ਪ੍ਰਥਾ ਨੂੰ ਹੀ ਕਿਉਂ ਨਿਸ਼ਾਨਾ ਬਣਾਇਆ?

ਉੱਤਰ:- ਸ਼ਮਾਜ ਸੁਧਾਰਕਾਂ ਨੇ ਜਾਤੀ ਪ੍ਰਥਾ ਨੂੰ ਹੀ ਨਿਸ਼ਾਨਾਂ ਬਣਾਇਆ ਕਿਉਂ ਕਿ:-

1. ਸਮਾਜ ਵਿੱਚ ਸ਼ੂਦਰਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ।

2. ਉਹ ਉੱਚ ਜਾਤੀ ਦੇ ਲੋਕਾਂ ਨਾਲ ਮੇਲ ਜੋਲ ਨਹੀਂ ਰੱਖ ਸਕਦੇ ਸਨ।

3. ਉਹਨਾਂ ਨੂੰ ਮੰਦਰਾਂ ਵਿੱਚ ਜਾਣ ਅਤੇ ਵੇਦ ਪੜ੍ਹਨ ਤੋਂ ਮਨ੍ਹਾ ਕੀਤਾ ਜਾਂਦਾ ਸੀ।

4. ਉਹਨਾਂ ਨੂੰ ਅਛੂਤ ਸਮਜਿਆ ਜਾਂਦਾ ਸੀ।

5. ਉਹਨਾਂ ਨੂੰ ਸਫਾਈ ਕਰਨ, ਜੁੱਤੀਆਂ ਬਣਾਉਣ, ਚਮੜਾ ਬਨਾਉਣ ਆਦਿ ਕੰਮ ਲਈ ਮਜਬੂਰ ਕੀਤਾ ਜਾਂਦਾ ਸੀ।

6. ਨੀਂਵੀ ਜਾਤੀ ਦੇ ਲੋਕਾਂ ਤੇ ਹੋ ਰਹੇ ਅਤਿਆਚਾਰਾਂ ਨੂੰ ਖਤਮ ਕਰਨ ਲਈ ਹੀ ਅਨੇਕਾਂ ਜਾਤੀ ਸੁਧਾਰ ਅੰਦੋਲਨ ਸ਼ੁਰੂ ਹੋਏ।

ਪ੍ਰਸ਼ਨ3: ਵੀਰ ਸਲਿੰਗਮ ਨੂੰ ਅਜੋਕੇ ਆਂਧਰਾ ਪ੍ਰਦੇਸ਼ ਦੇ ਪੈਗੰਬਰ ਕਿਉਂ ਕਿਹਾ ਜਾਂਦਾ ਹੈ?

ਉਤਰ: 1.ਵੀਰ ਸਲਿੰਗਮ ਨੀਵੀਂ ਜਾਤੀ ਤੇ ਗਰੀਬ ਲੋਕਾਂ ਦੀ ਹਮੇਸ਼ਾ ਮਦਦ ਕਰਦੇ ਸਨ।

2.ਉਹ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਸਨ।

3.ਉਹਨਾਂ ਨੇ ਜਾਤੀ ਪ੍ਰਥਾ ਦੀ ਨਿੰਦਾ ਕੀਤੀ।

4.ਉਹਨਾਂ ਨੇ ਛੂਤ-ਛਾਤ ਖਤਮ ਕਰਨ ਲਈ ਪ੍ਰਚਾਰ ਕੀਤਾ।

5.ਉਹਨਾਂ ਨੇ ਸਾਰੀ ਉਮਰ ਸਮਾਜ ਸੇਵਾ, ਸਮਾਜ ਸੁਧਾਰ ਅਤੇ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕੰਮ ਕੀਤੇ।

6. ਇਸ ਲਈ ਉਹਨਾਂ ਨੂੰ ਆਂਧਰ ਪ੍ਰਦੇਸ਼ ਸਮਾਜ ਦੇ ਪੈਗੰਬਰ ਕਿਹਾ ਜਾਂਦਾ ਹੈ।

ਪ੍ਰਸ਼ਨ4: ਸ੍ਰੀ ਨਰਾਇਣ ਗੁਰੂ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਲਈ ਕੀ ਯੋਗਦਾਨ ਪਾਇਆ?

ਉੱਤਰ: 1. ਉਹ ਕੇਰਲਾ ਰਾਜ ਦੇ ਮਹਾਨ ਸਮਾਜ ਸੁਧਾਰਕ ਸਨ।

2. ਉਹਨਾਂ ਨੇ ਇਜਹੇਵਜ ਅਤੇ ਹੋਰ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ 1903 ਈ. ਵਿੱਚ ਸ੍ਰੀ ਨਰਾਇਣ ਧਰਮ ਪਰੀਪਾਲਣ ਨਿਗਮ ਦੀ ਸਥਾਪਨਾ ਕੀਤੀ।

3. ਉਹਨਾਂ ਨੇ ਜਾਤੀ ਪ੍ਰਥਾ ਦਾ ਵਿਰੋਧ ਕੀਤਾ।

ਪ੍ਰਸ਼ਨ5: ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਕਿਸ ਸ਼ਬਦ ਦੀ ਵਰਤੋ ਕੀਤੀ ਅਤੇ ਉਸਦਾ ਭਾਵ ਅਰਥ ਕੀ ਸੀ?

ਉੱਤਰ: ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ “ਹਰੀਜਨ” ਸ਼ਬਦ ਦੀ ਵਰਤੋਂ

ਕੀਤੀ। ਜਿਸਾ ਭਾਵ ਅਰਥ ਹੈ- "ਈਸ਼ਵਰ ਦੇ ਬੱਚੇ।

ਪ੍ਰਸ਼ਨ6: ਮਹਾਤਮਾ ਗਾਂਧੀ ਜੀ ਦੁਆਰਾ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕੀਤੇ ਗਏ ਕਾਰਜਾਂ ਦਾ ਵਰਣਨ ਕਰੋ।

ਉੱਤਰ: 1. ਮਹਾਮਤਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਅਸ਼ੂਤ ਦੀ ਥਾਂ ਹਰੀਜਨ ਸ਼ਬਦ ਦੀ ਵਰਤੋਂ ਕੀਤੀ ਜਿਸਦਾ ਅਰਥ ਹੈ- ਈਸ਼ਵਰ ਦੇ ਬੱਚੇ।

2. ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਉਹਨਾਂ ਨੇ ਸਪਤਾਹਕ ਸਮਾਚਾਰ ਪੱਤਰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ।

3. ਉਹਨਾਂ ਨੇ ਵਾਰਧਾ ਸਥਾਨ ਤੋਂ ਹਰੀਜਨਾਂ ਦੀ ਭਲਾਈ ਲਈ ਦੌਰਾ ਸ਼ੁਰੂ ਕੀਤਾ।

4. ਉਹਨਾਂ ਨੇ ਕਿਹਾ ਕਿ ਸਕੂਲ, ਖ਼ੂਹ ਅਛੂਤਾਂ ਲਈ ਖੋਲ ਦਿੱਤੇ ਜਾਣ।

5. ਉਹਨਾਂ ਨੇ ਆਪਣੇ ਦੌਰੇ ਸਮੇਂ ਹਰੀਜਨ ਫੰਡ ਵੀ ਇਕੱਠਾ ਕੀਤਾ।

## ਪਾਠ-19

## ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ

ਪ੍ਰਸ਼ਨ1: ਬਸਤੀਵਾਦ ਤੋਂ ਕੀ ਭਾਵ ਹੈ?

ਉੱਤਰ: ਬਸਤੀਵਾਦ ਦਾ ਭਾਵ:- ਕਿਸੇ ਦੇਸ਼ ਉੱਤੇ ਦੂਜੇ ਦੇਸ਼ ਦੁਆਰਾ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਤੌਰ ਤੇ ਅਧਿਕਾਰ ਕਰਨਾ।

ਪ੍ਰਸ਼ਨ2: ਭਾਰਤ ਵਿੱਚ ਈਸਟ ਇੰਡਿਆ ਕੰਪਨੀ ਦੀ ਸਥਾਪਨਾ ਹੋਣ ਨਾਲ ਕਿਹੜੇ ਨਵੇਂ ਕਸਬੇ ਹੋਂਦ ਵਿੱਚ ਆਏ?

ਉੱਤਰ: ਬੰਬਈ, ਕੱਲਕਤਾ ਅਤੇ ਮਦਰਾਸ।

ਪ੍ਰਸ਼ਨ3: ਮਦਰਾਸ (ਚੈਨੱਈ) ਸ਼ਹਿਰ ਵਿੱਚ ਵੇਖਣਯੋਗ ਅਸਥਾਨ ਕਿਹੜੇ ਹਨ?

ਉੱਤਰ: ਗਿਰਜਾ ਘਰ, ਭਵਨ, ਸਮਾਰਕ, ਸੁੰਦਰ ਮੰਦਰ ਅਤੇ ਸਮੁੰਦਰੀ ਤੱਟ।

ਪ੍ਰਸ਼ਨ4: ਬੰਬਈ (ਮੁੰਬਈ) ਸ਼ਹਿਰ ਵਿੱਚ ਵੇਖਣਯੋਗ ਸਥਾਂਨਾਂ ਦੇ ਨਾਮ ਲਿਖੋ।।

ਉੱਤਰ: ਜੁਹੂ ਬੀਚ, ਚੌਪਾਟੀ, ਕੋਲਾਵਾ, ਮਾਲਾਬਾਰ ਹਿਲੁ, ਜਹਾਂਗੀਰ ਆਰਟ ਗੈਲਰੀ, ਅਜਾਇਬ ਘਰ, ਬੰਬਈ ਯੂਨੀਵਰਸਿਟੀ, ਮਹਾਂ ਲਕਸ਼ਮੀ ਮੰਦਰ, ਵਿਕਟੋਰੀਆ ਬਾਗ, ਕਮਲਾ ਨਹਿਰੂ ਪਾਰਕ ਆਦਿ।

ਪ੍ਰਸ਼ਨ5: ਅੰਗਰੇਜਾਂ ਨੇ ਭਾਰਤ ਵਿੱਚ ਆਪਣੀ ਪਹਿਲੀ ਵਪਾਰਕ ਫੈਕਟਰੀ ਕਦੋਂ ਅਤੇ ਕਿਥੇ ਸਥਾਪਿਤ ਕੀਤੀ?

ਉੱਤਰ: 1695 ਈ. ਵਿੱਚ ਕਲਕੱਤਾ ਵਿੱਚ।

ਪ੍ਰਸ਼ਨ6: ਅੰਗਰੇਜੀ ਰਾਜ ਸਮੇਂ ਭਾਰਤ ਵਿੱਚ ਸਭ ਤੋਂ ਪਹਿਲਾਂ ਕਿਹੜੇ ਤਿੰਨ ਸ਼ਹਿਰਾਂ ਵਿੱਚ ਨਗਰ ਪਾਲਿਕਾਵਾਂ ਸਥਾਪਿਤ ਕੀਤੀਆਂ ਗਈਆਂ?

ਉੱਤਰ:- ਮਦਰਾਸ, ਬੰਬਈ ਅਤੇ ਕਲਕੱਤਾ ਵਿੱਚ।

ਪ੍ਰਸ਼ਨ7: ਭਾਰਤ ਵਿੱਚ ਸਰਵਜਨਕ ਕਾਰਜ ਨਿਰਮਾਣ ਦੀ ਸਥਾਪਨਾ ਕਿਸ ਅੰਗਰੇਜ ਅਫਸਰ ਨੇ ਕੀਤੀ ਸੀ?

ਉੱਤਰ: ਲ਼ਾਰਡ ਡਲਹੌਜੀ ਨੇ।

ਪ੍ਰਸ਼ਨ8: ਅੰਗਰੇਜੀ ਰਾਜ ਸਮੇਂ ਭਾਰਤ ਵਿੱਚ ਪੁਲਿਸ ਦਾ ਪ੍ਰਬੰਧ ਕਿਸ ਗਵਰਨਰ-ਜਨਰਲ ਨੇ ਸ਼ੁਰੂ ਕੀਤਾ ਸੀ?

ਉੱਤਰ: ਲਾਰਡ ਕਾਰਨਵਾਲਿਸ ਨੇ।

ਪ੍ਰਸ਼ਨ9: ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਕਿਸ ਦੁਆਰਾ ਕਦੋਂ ਅਤੇ ਕਿੱਥੋਂ ਤੋਂ ਕਿੱਥੇ ਲੈ ਕੇ ਕਿੱਥੇ ਤੱਕ ਬਣਾਈ ਗਈ?

ਉੱਤਰ: 1853 ਈ. ਵਿੱਚ ਲਾਰਡ ਡਲਹੌਜੀ ਦੁਆਰਾ ਬੰਬਈ ਤੋਂ ਲੈ ਕੇ ਥਾਣਾ ਸ਼ਹਿਰ ਤੱਕ।

## ਪਾਠ-20

## ਕਲਾਵਾਂ- ਚਿੱਤਰਕਾਰੀ, ਸਾਹਿਤ, ਭਵਨ-ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ

ਪ੍ਰਸ਼ਨ1: „ਆਨੰਦਮੱਠ" ਨਾਵਲ ਕਿਸਨੇ ਲਿਖਿਆ ਸੀ?

ਉੱਤਰ: ਬੰਕਿਮ ਚੰਦਰ ਚੈਟਰਜੀ ਨੇ।

ਪ੍ਰਸ਼ਨ2: ਭਾਰਤ ਵਿੱਚ ਸਭ ਤੋਂ ਪਹਿਲਾਂ ਛਾਪਾਖਾਨਾ ਕਦੋਂ ਅਤੇ ਕਿਸ ਦੁਆਰਾ ਸ਼ੁਰੂ ਕੀਤਾ ਗਿਆ ਸੀ?

ਉੱਤਰ: 1557 ਈ. ਵਿੱਚ ਪੁਰਤਗਾਲੀਆਂ ਦੁਆਰਾ।

ਪ੍ਰਸ਼ਨ3: ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ ਸਨ?

ਉੱਤਰ: ਮਰਾਠੀ ਭਾਸ਼ਾ ਵਿੱਚ „ਕੇਸਰੀ" ਅਤੇ ਅੰਗਰੇਜੀ ਭਾਸ਼ਾ ਵਿੱਚੋਂ „ਮਰਾਠਾ" ਅਖਬਾਰ।

ਪ੍ਰਸ਼ਨ4: ਬੜੌਦਾ ਯੂਨਵਿਰਸਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿਤਰਕਾਰਾਂ ਦੇ ਨਾਂ ਲਿਖੋ।

ਉੱਤਰ: ਜੀ.ਆਰ.ਸੰਤੋਸ਼, ਗੁਲਾਮ ਸ਼ੇਖ, ਸ਼ਾਂਤੀ ਦੇਵ ਆਦਿ।

ਪ੍ਰਸ਼ਨ5: ਮਦਰਾਸ ਕਲਾ ਸਕੂਲ ਦੇ ਪ੍ਰੱਸਿਧ ਕਲਾਕਾਰਾਂ ਦੇ ਨਾਮ ਲਿਖੋ।

ਉੱਤਰ: ਸਤੀਸ਼ ਗੁਜਰਾਲ, ਰਾਮ ਕੁਮਾਰ ਅਤੇ ਕੇ.ਜੀ. ਸੁਬਰਾਮਨੀਅਮ।

ਪ੍ਰਸ਼ਨ6: 19ਵੀਂ ਅਤੇ 20 ਵੀਂ. ਸਦੀ ਦੇ ਆਰੰਭ ਵਿੱਚ ਸਾਹਿਤ ਦਾ ਕੀ ਵਿਕਾਸ ਹੋਇਆ?

ਉੱਤਰ: ਨਾਵਲ, ਕਹਾਣੀ ਆਦਿ ਅਤੇ ਸਾਹਿਤ:-

1. ਬੰਗਾਲੀ ਸਾਹਿਤ ਦੇ ਮੁੱਖ ਲੇਖ ਬੰਕਿਮ ਚੰਦਰ ਚੈਟਰਜੀ, ਮਾਈਕਲ ਮਧੂਸੂਦਨ ਦੱਤਾ, ਸ਼ਰਤ ਚੰਦਰ ਚੈਟਰਜੀ ਆਦਿ ਸਨ।

2. ਮੁਨਸ਼ੀ ਪ੍ਰੇਮ ਚੰਦ ਨੇ ਉਰਦੂ ਅਤੇ ਹਿੰਦੀ ਭਾਸ਼ਾ ਵਿੱਚ ਕਈ ਨਾਵਲ ਲਿਖੇ ਜਿਵੇਂ ਗੋਦਾਨ, ਰੰਗ ਭੂਮੀ ਆਦਿ।

ii ਕਾਵਿ-ਰਚਨਾ:- ਭਾਰਤ ਦੇ ਪ੍ਰਸਿੱਧ ਕਵੀ- ਰਵਿੰਦਰ ਨਾਥ ਟੈਗੋਰ, ਇਕਬਾਲ ਮੇਜਾਜ, ਜੀਵਨ ਨੰਦ ਦਾਸ, ਕੇਸ਼ਵਸੂਤ ਆਦਿ। ਭਾਰਤੀ ਕਾਵਿ-ਰਚਨਾ ਵਿੱਚ ਰਾਸ਼ਟਰੀ ਅੰਦੋਲਨ ਨੇ ਜਿਆਦਾ ਜ਼ੋਰ ਦਿਤਾ ਗਿਆ

iii. ਨਾਟਕ ਅਤੇ ਸਿਨੇਮਾ:-ਭਾਰਤੀ ਨਾਟਕਕਾਰਾਂਅਤੇ ਕਲਾਕਾਰਾਂ ਨੇ ਪੂਰਬੀ ਅਤੇ ਪੱਛਮੀ-ਸ਼ੈਲੀ ਨੂੰ ਇਕ ਕਰਨ ਦਾ ਯਤਨ ਕੀਤਾ। ਗਿਰੀਸ਼ ਕਰਕਾਡ, ਵਿਜੈ ਤਸਦੁਲਕਰ, ਰਾਜਾ ਰਾਸਉ-ਆਦਿ ਪ੍ਰਸਿੱਧ ਨਾਟਕਾਰ ਸਨ। ਰਵਿੰਦਰ ਨਾਥ ਟੈਗੋਰ ਨੇ ਆਪਣੇ ਨਾਟਕਾਂ ਵਿੱਚ ਅੰਤਰ-ਰਾਸ਼ਟਰੀ ਮਾਨਵਵਾਦ ਤੇ

ਜ਼ੋਰ ਦਿੱਤਾ।

## ਪਾਠ=21

## ਰਾਸ਼ਟਰੀ ਅੰਦੋਲਨ 1885–1919

ਪ੍ਰਸ਼ਨ1:- ਇੰਡੀਅਨ ਨੈਸ਼ਨਲ ਕਾਂਗਰਸ ਦਾ ਪਹਿਲਾਂ ਸਮਾਗਮ ਕਿੱਥੇ ਤੇ ਕਿਸਦੀ ਪ੍ਰਧਾਨਗੀ ਹੇਠ ਹੋਇਆ ਅਤੇ ਇਸ ਵਿੱਚ

ਕਿੰਨੇ ਪ੍ਰਤੀਨਿਧਾਂ ਨੇ ਹਿੱਸਾ ਲਿਆ ਸੀ?

ੳ:- ਇੰਡੀਅਨ ਨੈਸ਼ਨਲ ਕਾਂਗਰਸ ਦਾ ਪਹਿਲਾਂ ਸਮਾਗਮ 1885 ਵਿੱਚ ਵੋਮੇਸ਼ ਚੰਦਰ ਬੈਨਰਜੀ ਦੀ ਅਗਵਾਈ ਵਿੱਚ ਗੋਕਲ ਨਾਥ ਤੇਜਪਾਲ ਕਾਲਜ ਵਿੱਚ ਹੋਇਆ। ਇਸ ਵਿੱਚ 72 ਪ੍ਰਤੀਨਿਧਾਂ ਨੇ ਹਿੱਸਾ ਲਿਆ।

ਪ੍ਰਸ਼ਨ2:- ਬੰਗਾਲ ਦੀ ਵੰਡ ਕਦੋਂ ਤੇ ਕਿਸ ਗਵਰਨਰ ਜਨਰਲ ਸਮੇਂ ਹੋਈ?

ੳ:- 1905 ਵਿੱਚ ਬੰਗਾਲ ਦੀ ਵੰਡ ਲਾਰਡ ਕਰਜਨ ਸਮੇਂ ਹੋਈ।

ਪ੍ਰਸ਼ਨ3:-ਮੁਸਲਿਮ ਲੀਗ ਦੀ ਸਥਾਪਨਾ ਕਦੋਂ ਅਤੇ ਕਿਸਨੇ ਕੀਤੀ ਸੀ?

ੳ:- 1913 ਵਿੱਚ ਅਮਰੀਕਾ, ਕੈਨੇਡਾ ਵਸਦੇ ਭਾਰਤੀਆਂ ਨੇ ਸਾਨਪਰਾਂਸਿਸਕੋ ਵਿਖੇ ਗਦਰ ਪਾਰਟੀ ਦੀ ਸਥਾਪਨਾ ਕੀਤੀ।

ਪ੍ਰਸ਼ਨ4:- ਗਦਰ ਪਾਰਟੀ ਦੀ ਸਥਾਪਨਾ ਕਦੋਂ ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ।

ਉੱਤਰ:- ਅਮਰੀਕਾ ਅਤੇ ਕੇਨੇਡਾ ਰਹਿੰਦੇ ਭਾਰਤੀਆਂ ਨੇ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਆਦਿ ਦੀ ਅਗਵਾਈ ਵਿੱਚ 1913 ਵਿੱਚ ਅਮਰੀਕਾ ਦੇ ਸ਼ਹਿਰ ਸਾਨਪਰਾਂਸਿਸਕੋ ਵਿੱਚ ਗਦਰ ਪਾਰਟੀ ਦੀ ਸਥਾਪਨਾ ਕੀਤੀ।

ਪ੍ਰਸ਼ਨ5: ਸਵਦੇਸ਼ੀ ਤੇ ਬਾਈਕਾਟ ਅੰਦੋਲਨ ਤੋਂ ਤੁਸੀ ਕੀ ਸਮਝਦੇ ਹੋ?

ੳ:- 1905 ਵਿੱਚ ਬੰਗਾਲ ਵੰਡ ਦੇ ਵਿਰੋਧ ਵਿੱਚ ਇਹ ਦੋਵੇਂ ਅੰਦੋਲਨ ਚਲਾਏ ਗਏ। ਇਸ ਦਾ ਮਕਸਦ ਸਵਦੇਸ਼ੀ ਚੀਜ਼ਾਂ ਨੂੰ ਪ੍ਰਫਲਿਤ ਕਰਨਾ ਸੀ।

ਪ੍ਰਸ਼ਨ6:-ਕ੍ਰਾਂਤੀਕਾਰੀ ਅੰਦੋਲਨ ਤੇ ਨੋਟ ਲਿਖੋ?

ੳ:- ਅੰਗਰੇਜਾਂ ਦੀਆਂ ਜੁਰਮਕਾਰੀ ਨੀਤੀਆਂ ਤੋਂ ਤੰਗ ਆਕੇ ਗਰਮ ਦਲ ਦੇ ਨੇਤਾਵਾਂ ਦੇ ਪ੍ਰਭਾਵ ਕਾਰਨ ਕ੍ਰਾਂਤੀਕਾਰੀ ਅੰਦੋਲਨ ਸ਼ੁਰੂ ਹੋਇਆ। ਇਸ ਦੇ ਮੁੱਖ ਕੇਂਦਰ ਮਹਾਂਰਾਸ਼ਟਰ, ਬੰਗਾਲ ਤੇ ਪੰਜਾਬ ਸਨ।

## ਪਾਠ-22

## ਭਾਰਤੀ ਸੁਤੰਤਰਤਾ ਲਈ ਸੰਘਰਸ਼:- 1919-1947

ਪ੍ਰਸ਼ਨ1:-ਮਹਾਤਮਾ ਗਾਂਧੀ ਜੀ ਕਿਸ ਦੇਸ਼ ਤੋਂ ਅਤੇ ਕਦੋਂ ਵਾਪਿਸ ਆਏ?

ਉੱਤਰ:- ਮਹਾਤਮਾ ਗਾਂਧੀ ਜੀ ਦੱਖਣੀ ਅਫਰੀਕਾ ਤੋਂ 1915 ਈ. ਵਿੱਚ ਭਾਰਤ ਵਾਪਿਸ ਆਏ।

ਪ੍ਰਸ਼ਨ2:-ਸਤਿਆਗ੍ਰਹਿ ਅੰਦੋਲਨ ਤੋਂ ਕੀ ਭਾਵ ਹੈ?

ਉੱਤਰ:- ਸਤਿਆਗ੍ਰਹਿ ਅੰਦੋਲਨ ਦਾ ਆਰੰਭ ਭਾਰਤ ਵਿੱਚ ਮਹਾਤਮਾ ਗਾਂਧੀ ਜੀ ਨੇ 1917 ਈ: ਵਿੱਚ ਕੀਤਾ ਸੀ ਸਤਿਆਗ੍ਰਹਿ ਦਾ ਮਤਲਬ ਸ਼ਾਂਤੀ ਪੂਰਵਕ ਸੱਚ ਦਾ ਸਾਥ ਦੇਣਾ ਹੈ। ਸੱਚ ਦੇ ਰਾਹ ਤੇ ਹਿੰਸਕ ਕਾਰਵਾਈ ਕਰਨ ਦੀ ਕੋਈ ਲੋੜ ਨਹੀਂ ਹੁੰਦੀ। ਇਸ ਦੁਆਰਾ ਸ਼ਾਂਤੀ ਪੂਰਵਕ ਸਰਕਾਰ ਦਾ ਵਿਰੋਧ ਕਰਕੇ ਮੰਗਾਂ ਮਨਵਾਉਣੀਆਂ ਹੁੰਦਾ ਹੈ।

ਪ੍ਰਸ਼ਨ3:-ਜਲਿਆਂਵਾਲਾ ਬਾਗ ਹੱਤਿਆਕਾਂਡ ਕਦੋਂ ਅਤੇ ਕਿੱਥੇ ਹੋਇਆ?

ਉੱਤਰ:- 13 ਅਪ੍ਰੈਲ 1919 ਈ: ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿੱਚ ਜਲ੍ਹਿਆਂਵਾਲਾ ਬਾਗ ਵਿਖੇ।

ਪ੍ਰਸ਼ਨ4:-ਨਾ ਮਿਲਵਰਤਨ ਅੰਦੋਲਨ ਅਧੀਨ ਵਕਾਲਤ ਛੱਡਣ ਵਾਲੇ ਤਿੰਨ ਵਿਅਕਤੀਆਂ ਦੇ ਨਾਂ ਦੱਸੋ?

ਉੱਤਰ:- ਮੋਤੀ ਲਾਲ ਨਹਿਰੂ, ਡਾ. ਰਜਿੰਦਰ ਪ੍ਰਸ਼ਾਦ, ਸਰਦਾਰ ਪਟੇਲ।

ਪ੍ਰਸ਼ਨ5:-ਸਾਈਮਨ ਕਮਿਸ਼ਨ ਬਾਰੇ ਤੁਸੀ ਕੀ ਜਾਣਦੇ ਹੋ?

ਉੱਤਰ:- 1928 ਈ: ਵਿੱਚ ਅੰਗਰੇਜਾਂ ਨੇ ਸਾਈਮਨ ਕਮਿਸ਼ਨ ਨੂੰ ਭਾਰਤ ਭੇਜਿਆ ਜਿਸਦੇ 7 ਮੈਂਬਰ ਅੰਗਰੇਜ ਹੀ ਸਨ। ਇਸ ਲਈ ਇਸ ਕਮਿਸ਼ਨ ਦਾ ਵਿਰੋਧ ਕਾਲੀਆ ਝੰਡੀਆਂ ਨਾਲ „ਸਾਈਮਨ ਵਾਪਿਸ ਜਾਓ ਦੇ ਨਾਅਰਿਆਂ ਨਾਲ ਭਾਰਤੀਆਂ ਦੁਆਰਾ ਕੀਤਾ ਗਿਆ। ਪੁਲਿਸ ਨੇ ਭਾਰਤੀਆਂ ਤੇ ਲਾਠੀਚਾਰ ਕੀਤਾ ਜਿਸ ਦੌਰਾਨ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ।

ਪ੍ਰਸ਼ਨ6:-ਭਾਰਤ ਛੱਡੋ ਅੰਦੋਲਨ ਕੀ ਹੈ।

ਉੱਤਰ:- ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੂੰ ਭਾਰਤ ਵਿੱਚ ਕੱਢਣ ਲਈ 1942 ਵਿੱਚ ਗਾਂਧੀ ਜੀ ਨੇ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ। ਕਾਫੀ ਯਤਨਾਂ ਤੋਂ ਬਾਅਦ ਵੀ ਅੰਗਰੇਜੀ ਸਰਕਾਰ ਇਸ ਅੰਦੋਲਨ ਨੂੰ ਦਬਾਉਣ ਵਿੱਚ ਸਫਲ ਨਾਂ ਹੋ ਸਕੀ।

ਪ੍ਰਸ਼ਨ7:-ਆਜ਼ਾਦ ਹਿੰਦ ਫੌਜ ਤੇ ਨੋਟ ਲਿਖੋ?

ਉੱਤਰ:- 1939 ਵਿੱਚ ਮਹਾਤਮਾ ਗਾਂਧੀ ਜੀ ਦੇ ਵਿਚਾਰਾਂ ਨਾਲ ਮਤਭਦੇ ਹੋਣ ਤੇ ਸੁਭਾਸ਼ ਚੰਦਰ ਬੋਸ ਨੇ

ਕਾਂਗਰਸ ਦਾ ਤਿਆਗ ਕੀਤਾ। 1941 ਈ: ਨੂੰ ਸੁਭਾਸ਼ ਚੰਦਰ ਬੋਸ ਨੇ ਜਪਾਨ ਜਾ ਕੇ ਭਾਰਤ ਨੂੰ ਅੰਗਰੇਜਾਂ ਕੋਲੋ ਅਜ਼ਾਦ ਕਰਾਉਣ ਲਈ ਅਜ਼ਾਦ ਹਿੰਦ ਫੌਜ ਦੀ ਸਥਾਪਨਾ ਕੀਤੀ ਜਿਸ ਵਿਚ ਦੂਜੇ ਵਿਸ਼ਵ ਯੁੱਧ ਵਿੱਚ ਜਪਾਨ ਦੁਆਰਾ ਕੈਦ ਕੀਤੇ ਗਏ ਭਾਰਤੀ ਸੈਨਿਕ ਸ਼ਾਮਲ ਸਨ। 1943 ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਪਾਨ ਦੀ ਹਾਰ ਕਾਰਨ ਅਜ਼ਾਦ ਹਿੰਦ ਫੌਜ ਭਾਰਤ ਨੂੰ ਅਜ਼ਾਦ ਕਰਾਉਣ ਵਿੱਚ ਅਸਫਲ ਰਹੀ।

## ਪਾਠ-23

## ਸੁਤੰਤਰਤਾ ਤੋਂ ਬਾਅਦ ਦਾ ਭਾਰਤ

ਪ੍ਰਸ਼ਨ1: ਸੰਵਿਧਾਨ ਸਭਾ ਦੀ ਸਥਾਪਨਾ ਕਦੋਂ ਹੋਈ ਅਤੇ ਇਸਦੇ ਕਿੰਨੇ ਮੈਂਬਰ ਸਨ?

ਉੱਤਰ: 1948 ਈ. ਵਿੱਚ। ਇਸਦੇ 389 ਮੈਂਬਰ ਸਨ।

ਪ੍ਰਸ਼ਨ2: ਭਾਰਤੀ ਸੰਵਿਧਾਨ ਕਦੋਂ ਪਾਸ ਅਤੇ ਲਾਗੂ ਹੋਇਆ?

ਉੱਤਰ: ਪਾਸ-26 ਨਵੰਬਰ, 1949 ਈ. ਨੂੰ ਲਾਗੂ ਹੋਇਆ- 26 ਜਨਵਰੀ 1950 ਨੂੰ।

ਪ੍ਰਸ਼ਨ3: ਦੇਸੀ ਰਿਆਸਤਾਂ ਦੇ ਏਕੀਕਰਨ ਕਰਨ ਦਾ ਸਿਹਰਾ ਕਿਸਦੇ ਸਿਰ ਹੈ?

ਉੱਤਰ: ਸਰਦਾਰ ਵੱਲਭ ਭਾਈ ਪਟੇਲ ਦੇ।

ਪ੍ਰਸ਼ਨ4: ਹੈਦਰਾਬਾਦ ਰਿਆਸਤ ਨੂੰ ਕਿਵੇਂ ਭਾਰਤ ਨਾਲ ਮਿਲਾਇਆ ਗਿਆ?

ਉੱਤਰ: ਪੁਲਿਸ ਕਾਰਵਾਈ ਦੁਆਰਾ।

13 ਸਤੰਬਰ 1948 ਨੂੰ ਹੈਦਰਾਬਾਦ ਵਿੱਚ ਭਾਰਤੀ ਪੁਲਿਸ ਭੇਜੀ ਗਈ ਅਤੇ 17 ਸਤੰਬਰ 1948 ਨੂੰ ਹੈਦਰਾਬਾਦ ਨੂੰ ਭਾਰਤ ਵਿੱਚ ਸ਼ਾਮਿਲ ਕਰ ਲਿਆ ਗਿਆ।

ਪ੍ਰਸ਼ਨ5: ਰਾਜਾਂ ਦਾ ਪੁਨਰਗਠਨ ਕਰਨ ਲਈ ਨਿਯੁਕਤ ਕੀਤ ਗਏ ਕਮਿਸ਼ਨ ਦੇ ਕਿੰਨੇ ਮੈਂਬਰ ਸਨ?

ਉੱਤਰ: 3 ਮੈਂਬਰ

ਪ੍ਰਸ਼ਨ6: ਪੰਚਸੀਲ ਦੇ ਕੋਈ ਦੋ ਸਿਧਾਂਤ ਲਿਖੋ।

ਉੱਤਰ:- 1. ਇੱਕ ਦੂਜੇ ਉੱਪਰ ਹਮਲਾ ਨਾ ਕਰਨਾ।

2. ਇਕ ਦੂਜੇ ਦੇ ਮਾਮਲਿਆਂ ਵਿੱਚ ਦਖਲ ਅੰਦਾਜੀ ਨਾ ਕਰਨਾ।

ਪ੍ਰਸ਼ਨ7: ਗੁੱਟ ਨਿਰਲੇਪ ਲਹਿਰ ਦੀ ਪਹਿਲੀ ਕਾਨਫਰੰਸ ਕਦੋਂ ਅਤੇ ਕਿਥੇ ਹੋਈ?

ਉੱਤਰ: 1961 ਈ. ਵਿੱਚ ਬੈਲਗਰੇਡ ਵਿੱਚ।

ਪ੍ਰਸ਼ਨ8: ਗੁੱਟ ਨਿਰਲੇਪ ਤੇ ਨੋਟ ਲਿਖੋ।

ਉੱਤਰ: - ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸੰਸਾਰ ਦੋ ਸ਼ਕਤੀ ਗੁੱਟਾਂ ਵਿਚੋਂ ਵੰਡਿਆ ਗਿਆ।

- ਪਹਿਲੇ ਗੁੱਟ ਦਾ ਨੇਤਾ ਅਮਰੀਕਾ ਸੀ ਅਤੇ ਦੂਸਰੇ ਗੁੱਟ ਦਾ ਨੇਤਾ ਰੂਸ ਸੀ।

- ਭਾਰਤ ਕਿਸੇ ਵੀ ਗੁੱਟ ਵਿਚੋਂ ਸ਼ਾਮਿਲ ਨਹੀਂ ਹੋਣਾ ਚਾਹੁੰਦਾ ਸੀ।

- ਇਸ ਲਈ ਭਾਰਤ ਨੇ ਦੂਜੇ ਦੇਸ਼ਾਂ ਨਾਲ ਮਿਲ ਕੇ ਗੁੱਟ ਨਿਰਲੇਪ ਲਹਿਰ ਸ਼ੁਰੂ ਕੀਤੀ।

- ਗੁੱਟ ਨਿਰਲੇਪ ਦੇ ਪਿਤਾਮਾ ਸਨ- ਪੰਡਿਤ ਜਵਾਹਰ ਲਾਲ ਨਹਿਰੂ ਯੰਗੋਸਲਾਵੀਆ ਦੇ ਰਾਸ਼ਟਰਪਤੀ ਟੀਟੋ ਅਤੇ ਮਿਸਰ ਦੇ ਰਾਸ਼ਟਰਪਤੀ ਨੇਸਰ ਸਨ।

- ਗੁੱਟ ਨਿਰਲੇਪ 1961 ਈ. ਵਿੱਚ ਸ਼ੁਰੂ ਹੋਇਆ।

- ਇਸ ਦੀ ਪਹਿਲੀ ਬੈਠਕ 1961 ਵਿੱਚ ਬੈਲਗਰੇਡ ਵਿੱਚ ਹੋਈ।

- ਪਹਿਲਾ ਇਸਦੇ 25 ਮੈਂਬਰ ਸਨ ਪੁਰ ਹੁਣ 100 ਤੋਂ ਵੱਧ ਦੇਸ਼ ਇਸਦੇ ਮੈਂਬਰ ਹਨ।

ਪ੍ਰਸ਼ਨ9: ਵਿਦੇਸ਼ ਨੀਤੀ ਬਾਰੇ ਤੁਹਾਡਾ ਕੀ ਭਾਵ ਹੈ?

ਉੱਤਰ: ਕਿਸੇ ਦੇਸ਼ ਦੁਅਰਾ ਸੰਸਾਰ ਦੇ ਹੋਰ ਦੇਸ਼ਾਂ ਦੇ ਨਾਲ ਸਬੰਧਾ ਲਈ ਅਪਣਾਈ ਗਈ ਨੀਤੀ ਨੂੰ ਵਿਦੇਸ਼ ਨੀਤੀ ਕਹਿੰਦੇ ਹਨ। ਭਾਰਤ ਦੀ ਵਿਦੇਸ਼ ਨੀਤੀ ਇਸ ਪ੍ਰਕਾਰ ਹੈ:-

1. ਭਾਰਤ ਸੰਸਾਰ ਦੇ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਆਜ਼ਾਦੀ ਦਾ ਸਤਿਕਾਰ ਕਰਦਾ ਹੈ।

2. ਭਾਰਤ ਇਸ ਗੱਲ ਵਿੱਚ ਵਿਸ਼ਵਾਸ ਕਰਦਾ ਹੈ ਕਿ ਸਾਰੇ ਧਰਮਾਂ, ਰਾਸ਼ਟਰਾਂ ਅਤੇ ਜਾਤੀਆਂ ਦੇ ਲੋਕ ਬਰਾਬਰ ਹਨ।

3. ਭਾਰਤ ਅੰਤਰ ਰਾਸ਼ਟਰੀ ਝਗੜਿਆਂ ਦਾ ਹੱਲ ਸ਼ਾਂਤਮਈ ਢੰਗਾਂ ਨਾਲ ਕਰਨ ਦੇ ਹਕ ਵਿੱਚ ਹੈ।

ਪ੍ਰਸ਼ਨ10: ਸੰਪਰਦਾਇਕਤਾ ਤੇ ਨੋਟ ਲਿਖੋ।

ਉੱਤਰ: ਭਾਰਤ ਵਿੱਚ ਅਲੱਗ-ਅਲੱਗ ਧਰਮਾਂ ਦੇ ਲੋਕ ਰਹਿੰਦੇ ਹਨ, ਜਿਹਨਾਂ ਦੇ ਅਲੱਗ-ਅਲੱਗ ਧਾਰਮਿਕ ਵਿਸ਼ਵਾਸ ਹਨ। ਪਰ ਕੁੱਝ ਲੋਕਾਂ ਵਿੱਚ ਧਾਰਮਿਕ ਸੰਕੀਰਣਤਾ ਦੇ ਕਾਰਨ ਦੇਸ਼ ਵਿੱਚ ਸਮੇਂ-2 ਤੇ ਫਿਰਕੂ ਦੰਗੇ ਫਸਾਦ ਹੁੰਦੇ ਹਨ। ਸਰਕਾਰ ਨੂੰ ਕੁੱਝ ਘੱਟ ਗਿਣਤੀ ਵਾਲੇ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਪ੍ਰਸ਼ਨ11: ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਦਾ ਸੰਖੇਪ ਵਰਨਣ ਕਰੋ।

ਉੱਤਰ: ਭਾਰਤ ਸ਼ੁਰੂ ਤੋਂ ਹੀ ਪਾਕਿਸਤਾਨ ਨਾਲ ਮਿਤਰਤਾਪੂਰਨ ਸਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕਸ਼ਮੀਰ ਦੇ ਭਾਰਤ ਨਾਲ ਮਿਲਣ ਨੂੰ ਪਾਕਿਸਤਾਨ ਨੇ ਮਾਨਤਾ ਨਹੀਂ ਦਿੱਤੀ ਸੀ। ਕਸ਼ਮੀਰ ਮਸਲੇ ਕਾਰਨ ਭਾਰਤ ਨੇ ਪਾਕਿਸਤਾਨ ਨਾਲ ਤਿੰਨ ਪ੍ਰਮੁੱਖ ਅਤੇ ਕਈ ਛੋਟੇ-ਮੋਟੇ ਯੁੱਧ ਲੜੇ ਹਨ। ਇਹਨਾਂ ਵਿਚੋਂ 1999 ਈ. ਵਿੱਚ ਕਾਰਗਿਲ ਦਾ ਯੁੱਧ ਵੀ ਸ਼ਾਮਿਲ ਹੈ।

1972 ਈ.ਵਿੱਚ ਸ਼ਿਮਲੇ ਵਿੱਚ ਸਮਝੌਤਾ ਹੋਇਆ ਸੀ। ਇਸਦਾ ਉਦੇਸ਼ ਭਾਰਤ-ਪਾਕਿਸਤਾਨ ਵਿਚਕਾਰ ਸਾਰੇ ਝਗੜਿਆਂ ਦਾ ਸ਼ਾਂਤੀਪੂਰਵਕ ਹੱਲ ਕਰਨਾ ਸੀ।

ਹੁਣ ਤੋਂ ਥੋੜੇ ਸਾਲ ਪਹਿਲਾਂ ਹੀ ਦੋਹਾਂ ਦੇਸ਼ਾਂ ਵਿੱਚ ਬੱਸ ਅਤੇ ਰੇਲ ਸਰਵਿਸ ਸ਼ੁਰੂ ਕੀਤੀ ਗਈ ਹੈ। ਇਸ ਸਰਵਿਸ ਦੁਆਰਾ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਦੋਸਤਾਨਾ ਸਬੰਧ ਕਾਇਮ ਹੋਏ ਹਨ।

ਪ੍ਰਸ਼ਨ12: ਅਜ਼ਾਦੀ ਪਿਛੋਂ ਭਾਰਤ ਦੇ ਆਰਥਿਕ ਅਤੇ ਉਦੋਯੋਗਿਕ ਵਿਕਾਸ ਦਾ ਵਰਨਣ ਕਰੋ।

ਉੱਤਰ: ਅਜ਼ਾਦੀ ਤੋਂ ਬਾਅਦ ਭਾਰਤ ਨੇ ਆਰਥਿਕ ਵਿਵਸਥਾ ਨੂੰ ਸੁਧਾਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ।

1. ਖੇਤੀ:- ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਸਾਡੀ ਖੇਤੀ ਯੋਗ ਭੂਮੀ ਦੇ 75% ਭਾਗ ਤੇ ਖੁਰਾਕ ਫਸਲਾਂ ਬੀਜੀਆਂ ਜਾਂਦੀਆਂ ਹਨ। ਇਹਨਾਂ ਵਿਚੋਂ ਚਾਵਲ, ਕਣਕ, ਮੱਕੀ, ਸਰੋਂ, ਗੰਨਾਂ ਆਦਿ ਮਹੱਤਵਪੂਰਨ ਖੁਰਾਕ ਫਸਲਾਂ ਹਨ।

ਸਰਕਾਰ ਕਿਸਾਨਾਂ ਨੂੰ ਖੇਤੀ ਕਰਨ ਦੇ ਨਵੇਂ ਢੰਗ, ਵਧੀਆ ਕਿਸਮ ਦੇ ਬੀਜ ਅਤੇ ਖਾਦਾਂ ਬੇਜਦੀ ਹੈ।

- ਗਰੀਬ ਕਿਸਾਨਾਂ ਨੂੰ ਬੈਂਕਾ ਦੁਆਰਾ ਕਰਜੇ ਦਿੱਤੇ ਜਾਂਦੇ ਹਨ।

- ਭਾਰਤ ਨੇ ਖੇਤੀਬਾੜੀ ਦਾ ਵਿਕਾਸ ਕਰਨ ਲਈ ਕਈ ਮੁੱਖ ਦਰਿਆਵਾਂ ਦੇ ਆਰਪਾਰ ਬੰਨ੍ਹ ਬਣਾਏ।

ਉਦਯੋਗ:- ਅਜ਼ਾਦੀ ਦੀ ਪ੍ਰਾਪਤੀ ਪਿਛੋਂ ਭਾਰਤ ਨੇ ਆਪਣੇ ਉਦਯੋਗਿਕ ਖੇਤਰ ਦਾ ਵਿਸਥਾਰ ਕਰਨਾ

ਸ਼ੁਰੂ ਕੀਤਾ। ਇੰਜੀਨੀਅਰਿੰਗ ਦੇ ਉਪਕਰਨ, ਬਿਜਲੀ ਦਾ ਸਮਾਨ ਕੰਪਿਊਟਰ ਅਤੇ ਕੰਪਿਊਟਰ ਨਾਲ ਸਬੰਧਿਤ ਸਮਾਨ, ਖੇਤੀ ਕਰਨ ਦੇ ਸੰਦ ਆਦਿ ਬਨਾਉਣ ਦੇ ਨਵੇਂ ਕਾਰਖਾਨੇ ਸ਼ੁਰੂ ਕੀਤੇ ਗਏ।

- ਭਾਰਤ ਵਿੱਚ ਬਹੁਤ ਸਾਰੀਆਂ ਵਿਦੇਸ਼ੀ ਕੰਪਨੀਆ ਨੇ ਵੱਡੀਆਂ-ਵੱਡੀਆਂ ਫੈਕਟਰੀਆਂ ਸਥਾਪਿਤ ਕਰ ਲਈਆਂ ਹਨ।

- ਭਾਰਤ ਸਰਕਾਰ ਨੇ ਵਿਗਿਆਨ ਅਤੇ ਉਦਯੋਗਿਕ ਕਾਢਾਂ ਅਤੇ ਖੋਜਾਂ ਵਿੱਚ ਵਿਸ਼ੇਸ਼ ਰੁਚੀ ਲਈ ਹੈ।

# ਭਾਗ-3

# ਨਾਗਰਿਕ ਸ਼ਾਸਤਰ

## ਪਾਠ-24

## ਸੰਵਿਧਾਨ ਅਤੇ ਕਾਨੂੰਨ

ਪ੍ਰਸ਼ਨ1: ਸੰਵਿਧਾਨ ਤੋਂ ਕੀ ਭਾਵ ਹੈ?

ਉੱਤਰ: ਸੰਵਿਧਾਨ ਉਹ ਕਾਨੂੰਨੀ ਦਸਤਾਵੇਜ ਹੈ, ਜਿਸਦੇ ਅਨੁਸਾਰ ਦੇਸ਼ ਦਾ ਪ੍ਰਸ਼ਾਸ਼ਨ ਚਲਾਇਆ ਜਾਂਦਾ ਹੈ।

ਪ੍ਰਸ਼ਨ2: ਸੰਵਿਧਾਨ 26 ਜਨਵਰੀ, 1950 ਤੋਂ ਕਿਉਂ ਲਾਗੂ ਕੀਤਾ ਗਿਆ?

ਉੱਤਰ: 26 ਜਨਵਰੀ, 1930 ਨੂੰ ਦੇਸ਼ ਵਿੱਚ ਪੂਰਨ ਸੁਤੰਤਰਤਾ ਦਿਵਸ ਮਨਾਇਆ ਗਿਆ ਸੀ। ਸਾਡਾ ਸੰਵਿਧਾਨ 26 ਜਨਵਰੀ ਦੇ ਇਤਿਹਾਸਿਕ ਮਹੱਤਵ ਨੂੰ ਦੇਖਦੇ ਹੋਏ ਇਸ ਤਰੀਕ ਨੂੰ ਲਾਗੂ ਕੀਤਾ ਗਿਆ।

ਪ੍ਰਸ਼ਨ3: ਕਾਨੂੰਨ ਦੇ ਸ਼ਬਦੀ ਅਰਥ ਲਿਖੋ।

ਉੱਤਰ: ਕਾਨੂੰਨ ਸ਼ਬਦ ਅੰਗਰੇਜੀ ਭਾਸ਼ਾ ਦੇ ਸ਼ਬਦ ਲਾਅ ਦਾ ਅਨੁਵਾਦ ਹੈ। ਲਾਅ ਸ਼ਬਦ ਟਿਊਟੋਨਿਕ ਸ਼ਬਦ ਲੈਗ ਤੋਂ ਨਿਕਲਿਆ ਹੈ। ਜਿਸਦਾ ਅਰਥ ਹੈ-ਨਿਸ਼ਚਿਤ। ਕਾਨੂੰਨ ਦਾ ਅਰਥ ਹੈ- ਨਿਸ਼ਚਿਤ ਨਿਯਮ।

ਪ੍ਰਸ਼ਨ4: ਕਾਨੂੰਨ ਦੀ ਅਹਿਮੀਅਤ ਲਿਖੋ।

ਉੱਤਰ: ਕਾਨੂੰਨ ਦੇਸ਼ ਵਿੱਚ ਵਿਵਸਥਾ ਬਣਾਈ ਰੱਖਣ ਵਿੱਚ ਸਹਾਇਤਾ ਕਰਦਾ ਹੈ।

- ਇਸਦੇ ਬਿਨਾਂ ਕੋਈ ਵੀ ਸੰਸਥਾ ਸੁਚਾਰੂ ਰੂਪ ਨਾਲ ਨਹੀਂ ਚੱਲ ਸਕਦੀ।

- ਸਕੂਲ ਦੇ ਵੀ ਆਪਣੇ ਕਾਨੂੰਨ ਹੁੰਦੇ ਹਨ।

ਪ੍ਰਸ਼ਨ5: ਨਿਆਂਪਾਲਿਕਾ ਦੀ ਨਿਪੱਖਤਾ ਤੋਂ ਕੀ ਭਾਵ ਹੈ?

ਉੱਤਰ: ਨਿਆਂਪਾਲਿਕਾ ਦੀ ਨਿਰਪੱਖਤਾ ਤੋਂ ਭਾਵ ਇਹ ਹੈ ਕਿ ਉਹ ਕਾਰਜਪਾਲਿਕਾ ਦਾ ਵਿਧਾਨਪਾਲਿਕਾ ਦੇ ਦਬਾਓ ਤੋਂ ਬਿਨਾਂ ਸੁੰਤਤਰ ਰੂਪ ਵਿੱਚ ਨਿਆਂ ਕਰੇ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (50-60) ਸ਼ਬਦਾਂ ਵਿੱਚ ਲਿਖੋ

ਪ੍ਰਸ਼ਨ1: ਸੰਵਿਧਾਨ ਦੀ ਸਵਰਉੱਚਤਾ ਤੋਂ ਕੀ ਭਾਵ ਹੈ?

ਉੱਤਰ: ਸੰਵਿਧਾਨ ਇੱਕ ਕਾਨੂੰਨੀ ਦਸਤਾਵੇਜ ਹੈ ਜਿਸ ਅਨੁਸਾਰ ਕਿਸੇ ਦੇਸ਼ ਦਾ ਸਾਰਾ ਸ਼ਾਸ਼ਨ ਪ੍ਰਬੰਧ ਚਲਾਇਆ ਜਾਂਦਾ ਹੈ।

ਸੰਵਿਧਾਨ ਨੂੰ ਦੇਸ਼ ਵਿੱਚ ਸੱਭ ਤੋਂ ਉੱਤਮ ਮੰਨ੍ਹਿਆਂ ਗਿਆ ਹੈ। ਜੇਕਰ ਦੇਸ਼ ਦੀ ਕੋਈ ਸੰਸਥਾ ਸੰਵਿਧਾਨ ਅਨੁਸਾਰ ਕੰਮ ਨਹੀਂ ਕਰਦੀ ਤਾਂ ਨਿਆਂਪਾਲਿਕਾ ਉਸ ਵਿਰੁੱਧ ਕਾਰਵਾਈ ਕਰਦੀ ਹੈ।

ਪ੍ਰਸ਼ਨ2:- ਭਾਰਤੀ ਸੰਵਿਧਾਨ ਦਾ ਨਿਰਮਾਣ ਕਿਵੇਂ ਹੋਇਆ?

ਉੱਤਰ:- ਭਾਰਤੀ ਸੰਵਿਧਾਨ ਦਾ ਨਿਰਮਾਣ ਕਰਨ ਲਈ ਇੱਕ ਸੱਤ ਮੈਂਬਰੀ ਕਮੇਟੀ ਦਾ ਸੰਗਠਨ ਕੀਤਾ ਗਿਆ। ਇਸ ਕਮੇਟੀ ਦੇ ਪ੍ਰਧਾਨ ਡਾ. ਬੀ.ਆਰ. ਅੰਬੇਦਕਰ ਸਨ। ਇਸਦੇ 11 ਸਮਾਗਮ ਹੋਏ ਅਤੇ ਇਸਨੂੰ ਬਨਣ ਵਿੱਚ 2 ਸਾਲ 11 ਮਹੀਨੇ 18 ਦਿਨ ਲੱਗੇ।

ਪ੍ਰਸ਼ਨ3:- ਭਾਰਤ ਵਿੱਚ ਨਿਆਂਪਾਲਿਕਾ ਨੂੰ ਸੁਤੰਤਰ ਅਤੇ ਨਿਰਪੱਖ ਕਿਵੇਂ ਬਨਾਇਆ ਗਿਆ ਹੈ।

ਉੱਤਰ:- ਨਿਆਂਪਾਲਿਕਾ ਨੂੰ ਨਿਰਪੱਖ ਅਤੇ ਅਜ਼ਾਦ ਬਨਾਉਣ ਲਈ ਸੰਵਿਧਾਨ ਰਾਹੀਂ ਕਈ ਕਦਮ ਚੁੱਕੇ ਗਏ ਹਨ। ਮਿਸਾਲ ਵੱਜੋਂ ਜੱਜਾਂ ਦੀ ਨਿਯੁਕਤੀ, ਤਨਖਾਹ, ਭੱਤੇ, ਕਾਰਜਕਾਲ ਬਾਕੀ ਕਰਮਚਾਰੀਆਂ ਤੋਂ ਵੱਧ ਕੀਤੇ ਗਏ ਹਨ।

ਪ੍ਰਸ਼ਨ4:- ਸ਼ਰਾਬਬੰਦੀ ਤੋਂ ਕੀ ਭਾਵ ਹੈ? ਅਤੇ ਇਸਨੂੰ ਕਿਵੇਂ ਲਾਗੂ ਕਰਨਾ ਚਾਹੀਦਾ ਹੈ।

ਉੱਤਰ:- ਸ਼ਰਾਬਬੰਦੀ ਤੋਂ ਭਾਵ ਹੈ ਕਿ ਸ਼ਰਾਬ ਵੇਚਣ ਅਤੇ ਪੀਣ ਦੀ ਪਾਬੰਧੀ। ਸ਼ਰਾਬ ਇੱਕ ਬੁਰਾ ਨਸ਼ਾ ਹੈ ਪੈਸੇ ਦੇ ਨਾਲ ਨਾਲ ਇਹ ਸਿਹਤ ਦੀ ਵੀ ਬਰਬਾਦੀ ਕਰਦਾ ਹੈ। ਸਰਕਾਰ ਨੂੰ ਇਸ ਉੱਤੇ ਪੂਰੀ ਪਾਬੰਦੀ ਲਗਾਉਣ ਦਾ ਕਾਨੂੰਨ ਬਨਾਉਣਾ ਚਾਹੀਦਾ ਹੈ ਤੇ ਇਸਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ।

## ਪਾਠ-25

## "ਧਰਮ ਨਿਰਪੱਖਤਾ ਦੀ ਮਹੱਤਤਾ ਅਤੇ ਆਦਰਸ਼ ਲਈ ਕਾਨੂੰਨ"

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਉ।

ਪ੍ਰ:1: ਧਰਮ ਨਿਰਪੱਖਤਾ ਸ਼ਬਦ ਦਾ ਅਰਥ ਲਿਖੋ॥

ਉ: ਸਾਰੇ ਧਰਮਾਂ ਨੂੰ ਬਰਾਬਰ ਸਮਝਣਾ।

ਪ੍ਰ:2: ਧਰਮ ਨਿਰਪੱਖਤਾ ਦਾ ਕੋਈ ਉਦਾਹਰਨ ਦਿਉ।

ਉ: ਸਾਡੇ ਦੇਸ਼ ਦੇ ਰਾਸ਼ਟਰਪਤੀ ਵੱਖ-ਵੱਖ ਧਰਮਾਂ ਦੇ ਰਹੇ ਹਨ।

ਪ੍ਰ:3: ਸੰਵਿਧਾਨ ਵਿੱਚ ਸ਼ਾਮਿਲ ਆਦਰਸ਼ਾਂ ਤੋਂ ਕੀ ਭਾਵ ਹੈ?

ਉ: ਸੰਵਿਧਾਨ ਦੇ ਆਦਰਸ਼ ਉਹ ਰਾਸ਼ਟਰੀ ਉਦੇਸ਼ ਹਨ ਜਿੰਨ੍ਹਾਂ ਦੀ ਪ੍ਰਾਪਤੀ ਲਈ ਰਾਜ ਯਤਨ ਕਰਦਾ ਹੈ।

ਪ੍ਰ:4: ਪ੍ਰਸਤਾਵਨਾ ਵਿੱਚ ਦਰਜ ਆਦਰਸ਼ਾਂ ਨੂੰ ਕਿਵੇਂ ਪੂਰਾ ਕੀਤਾ ਗਿਆ ਹੈ।

ਉ: ਪ੍ਰਸਤਾਵਨਾ ਵਿੱਚ ਦਰਜ ਆਦਰਸ਼ਾਂ ਨੂੰ ਪੂਰਾ ਕਰਨ ਲਈ ਸਖਤ ਕਾਨੂੰਨ ਬਣਾਏ ਗਏ ਹਨ। ਜੇਕਰ ਕੋਈ ਇਹਨਾਂ ਕਾਨੂੰਨਾਂ ਨੂੰ ਤੋੜਦਾ ਹੈ ਤਾਂ ਉਸਨੂੰ ਸਖਤ ਸਜ਼ਾ ਦਿੱਤੀ ਜਾਂਦੀ ਹੈ।

ਪ੍ਰ:5: ਪ੍ਰਸਤਾਵਨਾ ਕੀ ਹੈ?

ਉ: ਪ੍ਰਸਤਾਵਨਾ ਉਹ ਦਸਤਾਵੇਜ ਹੈ ਜਿਸ ਵਿੱਚ ਸੰਵਿਧਾਨ ਦੇ ਉਦੇਸ਼, ਮੌਲਿਕ ਸਿਧਾਂਤ ਅਤੇ ਆਦਰਸ਼ਾਂ ਦਾ ਵਰਣਨ ਕੀਤਾ ਗਿਆ ਹੈ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਉ:-

ਪ੍ਰ:1 ਨਿਆਂ ਤੋਂ ਕੀ ਭਾਵ ਹੈ? ਇਸ ਆਦਰਸ਼ਨ ਨੂੰ ਕਿਵੇਂ ਲਾਗੂ ਕੀਤਾ ਗਿਆ ਹੈ?

ਉ: ਨਿਆਂ ਤੋਂ ਭਾਵ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ, ਅਤੇ ਰਾਜਨੀਤਿਕ ਖੇਤਰ ਵਿੱਚ ਬਰਾਬਰ ਮੌਕਾ ਦੇਣਾ।

ਇਸ ਆਦਰਸ਼ ਨੂੰ ਲਾਗੂ ਕਰਨ ਲਈ :-

ਸੰਵਿਧਾਨ ਦੇ ਤੀਜੇ ਭਾਗ ਵਿੱਚ ਸਮਾਨਤਾ ਦਾ ਅਧਿਕਾਰ ਦਰਜ ਕਰਕੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਮਾਨਤਾ ਦਿੱਤਾ ਗਈ ਹੈ।ਧਰਮ, ਨਸਲ, ਰੰਗ ਆਦਿ ਦੇ ਅਧਾਰ ਤੇ ਭੇਦ ਭਾਵ ਦੀ ਮਨਾਹੀ ਕੀਤੀ ਗਈ ਹੈ।

2 ਪ੍ਰ:- ਸਮਾਨਤਾ ਤੋਂ ਕੀ ਭਾਵ ਹੈ? ਸੰਵਿਧਾਨ ਅਨੁਸਾਰ ਕਿਹੜੀਆਂ ਸਮਾਨਤਾਵਾਂ ਦਿੱਤੀਆਂ ਗਈਆਂ

ਹਨ?

ਉ:- ਸਮਾਨਤਾ ਤੋਂ ਭਾਵ ਜਾਤੀ, ਧਰਮ, ਨਸਲ, ਲਿੰਗ ਦੇ ਅਧਾਰ ਤੇ ਕੋਈ ਭੇਦਭਾਵ ਨਾ ਕਰਨਾ ਅਤੇ ਸਮਾਨ ਮੌਕੇ ਪ੍ਰਦਾਨ ਕਰਨਾ।

ਸੰਵਿਧਾਨ ਵਿੱਚ ਦਿੱਤੀਆਂ ਸਮਾਨਤਾਵਾਂ:- ਸੰਵਿਧਾਨ ਦੇ ਅਨੁਛੇਦ 14.18 ਤੱਕ ਸਮਾਨਤਾ ਦਿੱਤੀ ਗਈ ਹੈ। ਧਰਮ, ਜਾਤ, ਸ਼ੇਣੀ, ਨਸਲ ਦੇ ਅਧਾਰ ਤੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੈ। ਛੂਤ-ਛਾਤ ਦੀ ਸਮਾਪਤੀ ਕੀਤੀ ਗਈ ਹੈ।

ਪ੍ਰ:3: ਸੰਵਿਧਾਨ ਦੀ ਪ੍ਰਸਤਾਵਨਾ ਦੀ ਕੀ ਮਹੱਤਤਾ ਹੈ?

ਉਤਰ:- ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੰਵਿਧਾਨ ਦੇ ਮੁੱਖ ਉਦੇਸ਼, ਮੌਲਿਕ ਸਿਧਾਂਤ ਅਤੇ ਆਦਰਸ਼ਾਂ ਦਾ ਵਰਣਨ ਕੀਤਾ ਗਿਆ ਹੈ। ਇਹਨਾਂ ਆਦਰਸ਼ਾਂ ਵਿੱਚ ਧਰਮ ਨਿਰਪੱਖਤਾ, ਸੁਤੰਤਰਤਾ, ਸਮਾਨਤਾ, ਭਾਈਚਾਰਾ, ਰਾਸ਼ਟਰੀ ਏਕਤਾ ਅਤੇ ਅਖੰਡਤਾ ਆਦਿ ਸ਼ਾਮਿਲ ਹਨ।

ਪ੍ਰ:4: ਰਾਸ਼ਟਰੀ ਏਕਤਾ ਅਤੇ ਅਖੰਡਤਾ ਤੋਂ ਕੀ ਭਾਵ ਹੈ? ਕੀ ਅਸੀਂ ਇਸ ਉਦੇਸ਼ ਨੂੰ ਪੂਰਾ ਕਰ ਸਕੇ ਹਾਂ?

ਉ: ਰਾਸ਼ਟਰੀ ਏਕਤਾ ਅਤੇ ਅਖੰਡਤਾ ਤੋਂ ਭਾਵ ਵੱਖ-ਵੱਖ ਜਾਤਾਂ, ਧਰਮਾਂ, ਨਸਲਾਂ ਆਦਿ ਦੇ ਲੋਕਾਂ ਦੁਆਰਾ ਸਮੁੱਚੇ ਤੌਰ ਤੇ ਇੱਕ ਹੀ ਰਾਸ਼ਟਰ ਦਾ ਨਿਰਮਾਣ ਕਰਨਾ।

ਅਸੀਂ ਅਜੇ ਇਸ ਉਦੇਸ਼ ਨੂੰ ਪੂਰਾ ਨਹੀਂ ਕਰ ਸਕੇ ਕਿਉਂ ਕਿ ਸਾਡੇ ਦੇਸ਼ ਵਿੱਚ ਅਜੇ ਵੀ ਲੋਕ ਜਾਤਾਂ, ਨਸਲਾਂ, ਧਰਮਾਂ, ਖੇਤਰਾਂ ਪਿੱਛੇ ਲੜਦੇ ਹਨ।

ਪ੍ਰ:5: ਸਮਾਜਿਕ ਆਰਥਿਕ ਅਤੇ ਰਾਜਨੀਤਿਕ ਨਿਆਂ ਤੋਂ ਕੀ ਭਾਵ ਹੈ?

ਉ:- ਸਮਾਜਿਕ ਨਿਆਂ:- ਜਾਤ, ਪਾਤ, ਧਰਮ, ਰੰਗ, ਨਸਲ ਦੇ ਅਧਾਰ ਤੇ ਕੋਈ ਵਿਤਕਰਾ ਨਾ ਕਰਨਾ।

ਆਰਥਿਕ ਨਿਆਂ:- ਹਰ ਵਿਅਕਤੀ ਨੂੰ ਰੋਜੀ-ਰੋਟੀ ਕਮਾਉਣ ਦੇ ਬਰਾਬਰ ਮੌਕੇ ਪ੍ਰਧਾਨ ਕਰਨਾ।

ਰਾਜਨੀਤਿਕ ਨਿਆਂ:- ਬਿਨ੍ਹਾਂ ਕਿਸੇ ਭੇਦਭਾਵ ਦੇ ਵੋਟ ਪਾਉਣ ਦਾ ਅਧਿਕਾਰ, ਚੋਣ ਲੜਨ ਦਾ ਅਧਿਕਾਰ, ਸਰਕਾਰੀ ਅਹੁਦੇ ਪ੍ਰਾਪਤ ਕਰਨ ਦਾ ਅਧਿਕਾਰ ਦੇਣਾ।

## ਪਾਠ-26

## "ਮੁੱਢਲੇ ਅਧਿਕਾਰ ਅਤੇ ਮਨੁੱਖੀ ਅਧਿਕਾਰਾਂ ਵਜੋਂ ਮੁੱਢਲੇ ਕਰਤੱਵ"

(1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

ਪ੍ਰ:1. ਅਧਿਕਾਰਾਂ ਤੋਂ ਕੀ ਭਾਵ ਹੈ?

ਉ: ਮਨੁੱਖੀ ਵਿਕਾਸ ਲਈ ਸਮਾਜ ਤੋਂ ਮਿਲਣ ਵਾਲੀਆਂ ਸਹੂਲਤਾਂ ਨੂੰ ਅਧਿਕਾਰ ਕਹਿੰਦੇ ਹਨ।

ਪ੍ਰ:2 ਮੁੱਢਲੇ ਅਧਿਕਾਰ ਦੇ ਸ਼ਬਦੀ ਅਰਥ ਲਿਖੋਂ।

ਉ: ਉਹ ਅਧਿਕਾਰ ਜੋ ਮਨੁੱਖ ਦੇ ਸਰੀਰਿਕ, ਮਾਨਸਿਕ, ਨੈਤਿਕ ਅਤੇ ਸੱਭਿਆਚਾਰਕ ਵਿਕਾਸ ਲਈ ਜ਼ਰੂਰੀ ਹਨ, ਮੁੱਢਲੇ ਅਧਿਕਾਰ ਹੁੰਦੇ ਹਨ।

ਪ੍ਰ:3 ਕਿਸੇ ਦੋ ਅਧਿਕਾਰਾਂ ਨਾਲ ਸਬੰਧਿਤ ਦੋ ਫਰਜ ਲਿਖੋਂ।

ਉ: (1) ਸਮਾਨਤਾ ਦੇ ਅਧਿਕਾਰ ਨਾਲ ਕਿਸੇ ਨਾਲ ਵੀ ਰੰਗ, ਨਸਲ, ਜਾਤ ਲਿੰਗ ਦੇ ਅਧਾਰ ਤੇ ਵਿਤਕਰਾ ਨਾ ਕਰਨਾ।

(2) ਸੁਤੰਤਰਤਾ ਦੇ ਅਧਿਕਾਰ ਨਾਲ ਦੂਜਿਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦੇਣਾ।

ਪ੍ਰ:4 ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਤੋਂ ਕੀ ਭਾਵ ਹੈ?

ਉ: ਇਹ ਅਧਿਕਾਰ ਸਾਨੂੰ ਸਾਡੇ ਅਧਿਕਾਰਾਂ ਦੀ ਰੱਖਿਆ ਕਰਨ ਦਾ ਗਿਆਨ ਕਰਵਾਉਂਦਾ ਹੈ।

ਪ੍ਰ:5 ਛੂਤ ਛਾਤ ਦੀ ਸਮਾਪਤੀ ਕਿਹੜੇ ਅਨੁਛੇਦ ਰਾਹੀਂ ਹੋਈ?

ਉ: ਅਨੁਛੇਦ 17 ਰਾਹੀਂ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ:-

ਪ੍ਰ: 1 ਸਿੱਖਿਆ ਦੇ ਅਧਿਕਾਰ ਤੇ ਸੰਖੇਪ ਨੋਟ ਲਿਖੋ।

ਉੱਤਰ: ਇਹ ਅਧਿਕਾਰ 6-14 ਸਾਲ ਦੇ ਹਰੇਕ ਭਾਰਤੀ ਬੱਚੇ ਨੂੰ "ਮੁਫਤ ਅਤੇ ਲਾਜਮੀ ਸਿੱਖਿਆ" ਦੇਣ ਨਾਲ ਸਬੰਧਿਤ ਹੈ। ਸਾਲ 2009 ਵਿੱਚ ਮੁਫਤ ਅਤੇ ਲਾਜਮੀ ਸਿੱਖਿਆ ਦਾ ਐਕਟ ਪਾਸ ਕੀਤਾ ਗਿਆ ਅਤੇ 2010 ਤੋਂ ਇਹ ਐਕਟ ਲਾਗੂ ਹੋ ਗਿਆ। ਅੱਜ 6-14 ਸਾਲ ਦਾ ਹਰੇਕ ਬੱਚਾ ਮੁਫਤ ਅਤੇ ਲਾਜਮੀ ਸਿੱਖਿਆ ਪ੍ਰਾਪਤ ਕਰ ਰਿਹਾ ਹੈ।

ਪ੍ਰ:2 ਸੰਵਿਧਾਨ ਵਿੱਚ ਕਿਹੜੇ-ਕਿਹੜੇ ਮੌਲਿਕ ਅਧਿਕਾਰ ਦਰਜ ਹਨ?

ਉੱਤਰ: (1) ਸਮਾਨਤਾ ਦਾ ਅਧਿਕਾਰ (2) ਸੁੰਤਤਰਤਾ ਦਾ ਅਧਿਕਾਰ

(3) ਸ਼ੋਸ਼ਣ ਵਿਰੁੱਧ ਅਧਿਕਾਰ (4) ਧਾਰਮਿਕ ਸੁੰਤਤਰਤਾ ਦਾ ਅਧਿਕਾਰ

(5) ਸੱਭਿਆਚਾਰਕ ਅਤੇ ਵਿੱਦਿਅੱਕ ਅਧਿਕਾਰ

(6) ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ

(7) ਸਿੱਖਿਆ ਦਾ ਅਧਿਕਾਰ।

ਪ੍ਰ:4 ਸ਼ੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

ਉੱਤਰ:- ਇਸ ਅਧਿਕਾਰ ਵਿੱਚ ਮਨੁੱਖ ਦਾ ਵਪਾਰ ਕਰਨ, ਵੇਤਨ ਤੋਂ ਬਿਨ੍ਹਾਂ ਕੰਮ ਕਰਾਉਣਾ ਆਦਿ ਦੀ ਮਨਾਹੀ ਹੈ। ਤਨਖਾਹ ਪੱਖੋ, ਕੰਮ ਦੇ ਘੰਟਿਆਂ ਪੱਖੋਂ, ਧਰਮ, ਜਾਤ, ਨਸਲ ਦੇ ਪੱਖੋਂ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। 14 ਸਾਲ ਘੱਟ ਉਮਰ ਦੇ ਬੱਚਿਆਂ ਨੂੰ ਕੰਮ ਤੇ ਨਹੀਂ ਲਗਾਇਆ ਜਾ ਸਕਦਾ।

ਪ੍ਰ:5: ਅਸੀਂ ਆਪਣੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਿਵੇਂ ਕਰ ਸਕਦੇ ਹਾਂ?

ਉ: ਸਾਡੇ ਦੇਸ਼ ਵਿੱਚ ਹਰੇਕ ਨਾਗਰਿਕ ਨੂੰ ਸਮਾਨ ਮੌਲਿਕ ਅਧਿਕਾਰ ਮਿਲੇ ਹੋਏ ਹਨ। ਅਸ਼ੀਂ ਮੌਲਿਕ ਅਧਿਕਾਰਾਂ ਦੀ ਰੱਖਿਆ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਧਰਮ, ਜਾਤ, ਲਿੰਗ, ਨਸਲ ਆਦਿ ਦੇ ਅਧਾਰ ਤੇ ਕਿਸੇ ਨਾਲ ਵੀ ਵਿਤਕਰਾ ਨਹੀਂ ਕਰਾਂਗੇ। ਛੂਤ-ਛਾਤ ਅਤੇ ਜਾਤ-ਪਾਤ ਦੇ ਭੇਦ ਭਾਵ ਨੂੰ ਖਤਮ ਕਰਕੇ ਹਰ ਕਿਸੇ ਨੂੰ ਬਰਾਬਰ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ।

## ਪਾਠ-27

## ਸੰਸਦ-ਬਣਤਰ, ਭੂਮਿਕਾ ਅਤੇ ਵਿਸ਼ੇਸ਼ਤਾਂਵਾਂ

ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ 1 ਤੋਂ 15 ਸ਼ਬਦਾਂ ਵਿੱਚ ਦਿਓ:-

ਪ੍ਰ-1: ਸੰਸਦ ਦੇ ਸ਼ਬਦੀ ਅਰਥ ਲਿਖੋ।

ਉੱਤਰ: ਸੰਸਦ ਦਾ ਸ਼ਬਦੀ ਅਰਥ ਹੈ ਗੱਲਬਾਤ ਕਰਨਾ। ਇਸ ਤਰ੍ਹਾਂ ਸੰਸਦ, ਉਹ ਸੰਸਥਾ ਹੈ, ਜਿੱਥੇ ਬੈਠ

ਕੇ ਲੋਕ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਵਿਸ਼ਿਆਂ ਤੇ ਗੱਲਬਾਤ ਕਰਦੇ ਹਨ।

ਪ੍ਰ-2: ਸਰਕਾਰ ਸੰਸਦ ਪ੍ਰਤੀ ਕਿਵੇਂ ਜਵਾਬਦੇਹ ਹਨ?

ਉੱਤਰ: ਸਰਕਾਰ ਆਪਣੇ ਸਾਰਿਆਂ ਕੰਮਾਂ ਅਤੇ ਨੀਤੀਆਂ ਲਈ ਸੰਸਦ ਦੇ ਪ੍ਰਤੀ ਜਵਾਬਦੇ ਹੁੰਦੀ ਹੈ।

ਪ੍ਰ-3: ਸੰਸਦ ਦੇ ਵਿੱਚ ਕਾਨੂੰਨ ਕਿਵੇਂ ਬਣਦਾ ਹੈ?

ਉੱਤਰ: ਸਧਾਰਨ ਬਿੱਲ ਨੂੰ ਦੋਨਾਂ ਸਦਨਾਂ ਵਿੱਚ ਪਾਸ ਹੋਣ ਤੋਂ ਬਾਅਦ ਬਿੱਲ ਨੂੰ ਰਾਸ਼ਟਰਪਤੀ ਦੀ ਮਨਜੂਰੀ ਲਈ ਭੇਜ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਬਿੱਲ ਕਾਨੂੰਨ ਬਣ ਜਾਂਦਾ ਹੈ।

ਪ੍ਰ-4: ਲੋਕ ਸਭਾ ਦੀਆਂ ਚੋਣਾ ਤੋਂ ਬਾਅਦ ਸਰਕਾਰ ਕਿਵੇਂ ਬਣਦੀ ਹੈ?

ਉੱਤਰ: ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਦੇ ਸੱਦੇ ਤੇ ਬਹੁਮਤ ਪ੍ਰਾਪਤ ਰਾਜਨੀਤਿਕ ਪਾਰਟੀ ਸਰਕਾਰ ਬਣਾਉਂਦੀ ਹੈ।

ਪ੍ਰ-5: ਸੰਸਦੀ ਸਰਕਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਲਿਖੋ।

ਉੱਤਰ:

(f) ਨਾਂ-ਮਾਤਰ ਅਤੇ ਅਸਲ ਕਾਰਜਪਾਲਿਕਾ ਵਿੱਚ ਅੰਤਰ।

(ff) ਪ੍ਰਧਾਨ ਮੰਤਰੀ ਦੀ ਅਗਵਾਈ

(fff) ਵਿਰੋਧੀ ਦਲ ਨੂੰ ਕਾਨੂੰਨੀ ਮਾਨਤਾ।

ਹੇਠ ਲਿਖੇ ਪ੍ਰਸ਼ਨ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ।

ਪ੍ਰ:1: ਸੰਸਦੀ ਸ਼ਾਸ਼ਨ ਪ੍ਰਣਾਲੀ ਵਿੱਚ ਰਾਸ਼ਟਰਪਤੀ ਤੇ ਪ੍ਰਧਾਨ-ਮੰਤਰੀ ਦੀ ਭੂਮਿਕਾ ਲਿਖੋ।

ਉੱਤਰ: ਰਾਸ਼ਟਰਪਤੀ ਦੀ ਭੂਮਿਕਾ:- ਰਾਸ਼ਟਰਪਤੀ ਕੋਲ ਵਿਧਾਨਿਕ, ਕਾਰਜਪਾਲਿਕਾ ਅਤੇ ਨਿਆਇਕ ਸ਼ਕਤੀਆਂ ਹੁੰਦੀਆਂ ਹਨ। ਪਰ ਅਸਲ ਵਿੱਚ ਉਹ ਉਹਨਾਂ ਸ਼ਕਤੀਆਂ ਦੀ ਵਰਤੋ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ ਇਹਨਾਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਨਾਲ ਹੀ ਕਰ ਸਕਦਾ ਹੈ।

ਪ੍ਰਧਾਨ ਮੰਤਰੀ ਦੀ ਭੂਮਿਕਾ:- ਪ੍ਰਧਾਨ ਮੰਤਰੀ, ਮੰਤਰੀ ਮੰਡਲ, ਮੰਤਰੀ ਪਰਿਸ਼ਦ ਅਤੇ ਲੋਕ ਸਭਾ ਦਾ ਮੁੱਖੀ ਹੁੰਦਾ ਹੈ। ਅਸਲ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਹੀ ਕਰ ਸਕਦਾ ਹੈ। ਸਾਰੇ ਕਾਨੂੰਨ ਪ੍ਰਧਾਨ

ਮੰਤਰੀ ਦੀ ਸਲਾਹ ਨਾਲ ਹੀ ਬਣਦੇ ਹਨ। ਕੋਈ ਵੀ ਮੰਤਰੀ ਪ੍ਰਧਾਨ ਮੰਤਰੀ ਦੀ ਸਲਾਹ ਦੇ ਵਿਰੁੱਧ ਆਪਣੀ ਪਦਵੀ ਤੇ ਨਹੀਂ ਰਹਿ ਸਕਦਾ।

ਪ੍ਰ:2: ਸੰਸਦ ਦੀ ਸਥਿਤੀ ਦੀ ਗਿਰਾਵਟ ਲਈ ਜਿੰਮੇਵਾਰ ਕਾਰਨ ਲਿਖੋ।

ਉੱਤਰ:-

(ਿ) ਕਿਸੇ ਇੱਕ ਰਾਜਨੀਤਿਕ ਦਲ ਦੀ ਸਪੱਸ਼ਟ ਬਹੁਮਤ ਵਾਲੀ ਸਰਕਾਰ ਦਾ ਨਾ ਹੋਣਾ।

(ਿਿ) ਮੈਂਬਰਾਂ ਵੱਲੋਂ ਸਦਨ ਵਿਚੋਂ ਗੈਰ-ਹਾਜ਼ਰ ਰਹਿਣਾ।

(ਿਿਿ) ਸਦਨ ਦੀਆਂ ਬੈਠਕਾਂ ਵਿੱਚ ਕਮੀ।

(ਵਿ) ਸੰਸਦ ਦੀ ਕਾਰਵਾਈ ਵਿੱਚ ਮੈਂਬਰਾਂ ਦੁਆਰਾ ਵਾਰ-ਵਾਰ ਰੁਕਾਵਟ ਪਾਉਣਾ।

ਪ੍ਰ:3: ਸੰਸਦ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਲੋੜੀਂਦੇ ਸੁਝਾਓ ਦਿਓ।

ਉੱਤਰ:-

(ਿ) ਪ੍ਰਧਾਨ ਮੰਤਰੀ ਦੀ ਸਥਿਤੀ ਨੂੰ ਮਜ਼ਬੂਤ ਬਣਾਉਣਾ ਪਵੇਗਾ।

(ਿਿ) ਚੰਗੇ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।

(ਿਿਿ) ਖੇਤਰੀ ਦਲਾਂ ਦੀ ਵੱਧਦੀ ਹੋਈ ਸੰਖਿਆ ਉੱਤੇ ਰੋਕ ਲਗਾਈ ਜਾਵੇ।

ਪ੍ਰ:4: ਭਾਰਤੀ ਸੰਸਦ ਦੀ ਬਣਤਰ ਲਿਖੋ।

ਉੱਤਰ: ਸੰਸਦ ਦੇ ਦੋ ਸਦਨ ਹਨ:-

(1) ਲੋਕ ਸਭਾ:- ਲੋਕ ਸਭਾ ਲੋਕਾਂ ਦਾ ਸਦਨ ਹੈ। ਇਸਨੂੰ ਹੇਠਲਾ ਸਦਨ ਵੀ ਕਿਹਾ ਜਾਂਦਾ ਹੈ। ਇਸ ਦੇ ਕੁੱਲ ਮੈਂਬਰਾਂ ਦੀ ਗਿਣਤੀ 545 ਹੈ। 543 ਮੈਂਬਰ ਲੋਕਾਂ ਦੁਆਰਾ ਸਿੱਧੇ ਚੁਣੇ ਜਾਂਦੇ ਹਨ। ਬਾਕੀ 2 ਮੈਂਬਰਾਂ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ।

(2) ਰਾਜ ਸਭਾ:- ਇਹ ਇੱਕ ਸਥਾਈ ਸਦਨ ਹੈ। ਇਸਦੇ ਕੁੱਲ 250 ਮੈਂਬਰਾਂ ਵਿਚੋਂ 238 ਮੈਂਬਰ ਰਾਜਾ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਦੁਆਰਾ ਚੁਣੇ ਜਾਂਦੇ ਹਨ। ਬਾਕੀ 12 ਮੈਂਬਰ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ।

## ਪਾਠ-28

## ਨਿਆਂਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 10-15 ਸ਼ਬਦਾਂ ਵਿੱਚ ਦਿਓ-

ਪ੍ਰ-1: ਨਿਆਂਪਾਲਿਕਾ ਕਿਸਨੂੰ ਕਹਿੰਦੇ ਹਨ?

ਉੱਤਰ: ਨਿਆਂਪਾਲਿਕਾ ਸਰਕਾਰ ਦਾ ਉਹ ਅੰਗ ਹੈ ਜੋ ਨਿਆਂ ਕਰਦੀ ਹੈ।

ਪ੍ਰ-2: ਭਾਰਤ ਦੀ ਸਭ ਤੋਂ ਵੱਡੀ ਅਦਾਲਤ ਕਿਹੜੀ ਹੈ ਅਤੇ ਕਿੱਥੇ ਸਥਿਤ ਹੈ?

ਉੱਤਰ: ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਕ ਕੋਰਟ ਹੈ ਜੋ ਕਿ ਦਿੱਲੀ ਵਿੱਚ ਸਥਿਤ ਹੈ।

ਪ੍ਰ-3: ਸਿਵਿਲ ਮੁਕੱਦਮਾ ਕੀ ਹੈ?

ਉੱਤਰ: ਸਿਵਿਲ ਮੁਕੱਦਮਾ ਆਮ ਲੋਕਾਂ ਨਾਲ ਸਬੰਧਤ ਹੁੰਦੇ ਹਨ। ਇਹਨਾਂ ਵਿੱਚ ਨਾਗਰਿਕਾਂ ਦੇ ਮੌਲਿਕ ਅਧਿਕਾਰ, ਵਿਆਹ, ਤਲਾਕ, ਆਦਿ ਆਉਂਦੇ ਹਨ।

ਪ੍ਰ-4: ਸਰਕਾਰੀ ਵਕੀਲ ਕੌਣ ਹੁੰਦੇ ਹਨ।

ਉੱਤਰ: ਜਿਹੜੇ ਵਕੀਲ ਸਰਕਾਰ ਵੱਲੋਂ ਮੁਕੱਦਮਾਂ ਲੜਦੇ ਹਨ, ਉਨ੍ਹਾਂ ਨੂੰ ਸਰਕਾਰੀ ਵਕੀਲ ਕਿਹਾ ਜਾਂਦਾ ਹੈ।

ਪ੍ਰ-5: ਜਨਹਿਤ ਮੁਕੱਦਮਾਂ (ਫ.ੀ.ਲ਼. ਫੁਬਲਚਿ ੀਨਟਣਰਣਸਟ ਲ਼ਟਿਗਿਓਟੋਨਿ) ਕੀ ਹੈ?

ਉੱਤਰ: ਜਨਹਿਤ ਮੁਕੱਦਮਾ ਜਨਤਕ ਹਿੱਤਾਂ ਦੀ ਰਾਖੀ ਲਈ ਸਰਕਾਰ ਦੇ ਕਿਸੇ ਵਿਭਾਗ ਜਾਂ ਅਧਿਕਾਰੀ ਜਾਂ ਸੰਸਥਾ ਦੇ ਵਿਰੁੱਧ ਦਾਇਰ ਕੀਤੇ ਜਾਂਦੇ ਹਨ।

ਪ੍ਰ-6: ਐਫ.ਆਈ.ਆਰ. ਕੀ ਹੈ?

ਉੱਤਰ: ਐਫ.ਆਈ.ਆਰ. ਪਹਿਲੀ ਸੂਚਨਾ ਰਿਪੋਰਟ ਨੂੰ ਕਹਿੰਦੇ ਹਨ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ:-

ਪ੍ਰ-1 ਨਿਆਂਪਾਲਿਕਾ ਦੀ ਅਹਿਮੀਅਤ ਲਿਖੋ।

ਉੱਤਰ: ਨਿਆਂਪਾਲਿਕਾ ਸਰਕਾਰ ਦਾ ਉਹ ਅੰਗ ਹੈ ਜੋ ਨਿਆਂ ਕਰਦਾ ਹੈ। ਲੋਕਤੰਤਰੀ ਸਰਕਾਰ ਵਿੱਚ

ਨਿਆਂਪਾਲਿਕਾ ਦਾ ਵਿਸ਼ੇਸ਼ ਮਹੱਤਵ ਹੈ ਕਿਉਂ ਕਿ ਇਸ ਨੂੰ ਸੰਵਿਧਾਨ ਦਾ ਰੱਖਿਅਕ ਲੋਕਤੰਤਰ ਦੀ ਪਹਿਰੇਦਾਰ ਮੰਨਿਆ ਗਿਆ ਹੈ।

ਪ੍ਰ-2. ਭਾਰਤੀ ਨਿਆਂਇਕ ਪ੍ਰਣਾਲੀ ਬਾਰੇ ਲਿਖੋ?

ਉੱਤਰ: ਭਾਰਤ ਵਿੱਚ ਏਕਲ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ। ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਹੈ। ਪ੍ਰਾਂਤਾਂ ਵਿੱਚ ਭਾਰਤ ਦੀ ਸੱਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਹੈ। ਪ੍ਰਾਂਤਾਂ ਵਿੱਚ ਹਾਈਕੋਰਟ, ਜ਼ਿਲ੍ਹਾ ਪੱਧਰ ਤੇ ਸ਼ੈਸ਼ਨ ਜੱਜ, ਤਹਿਸੀਲ ਪੱਧਰ ਤੇ ਉਪਮੰਡਲ ਮੈਜਿਸਟੇਟ ਹਨ। ਸਥਾਨਕ ਪੱਧਰ ਤੇ ਪਿੰਡ ਪੰਚਾਇਤ ਅਤੇ ਨਗਰਪਾਲਿਕਾ ਪਰਿਸ਼ਦ ਆਦਿ ਦਾ ਗਠਨ ਕੀਤਾ ਗਿਆ ਹੈ।

ਪ੍ਰ 3): ਫੌਜਦਾਰੀ ਮੁਕੱਦਮੇ ਕਿਹੜੇ ਹੁੰਦੇ ਹਨ? ਸਿਵਿਲ ਅਤੇ ਫੌਜਦਾਰੀ ਮੁਕੱਦਮਿਆਂ ਵਿੱਚ ਅੰਤਰ ਲਿਖੋ।

ਉੱਤਰ: ਫੌਜਦਾਰੀ ਮੁਕੱਦਮੇ ਉਹ ਹੁੰਦੇ ਹਨ ਜੋ ਕਿਸੇ ਦਾ ਸਰੀਰਿਕ ਨੁਕਸਾਨ ਹੋਣ ਤੇ ਦਰਜ ਕੀਤੇ ਜਾਂਦੇ ਹਨ।

ਸਿਵਿਲ ਅਤੇ ਫੌਜਦਾਰੀ ਮੁਕੱਦਮਿਆਂ ਵਿੱਚ ਅੰਤਰ:-

1. ਸਿਵਿਲ ਮੁਕੱਦਮੇ- ਸਿਵਿਲ ਮੁਕੱਦਮੇ ਆਮ ਲੋਕਾਂ ਨਾਲ ਸਬੰਧਿਤ ਹੁੰਦੇ ਹਨ। ਇਹਨਾਂ ਮੁਕੱਦਮਿਆਂ ਵਿੱਚ ਨਾਗਰਿਕਾਂ ਦੇ ਮੌਲਿਕ ਅਧਿਕਾਰ, ਵਿਆਹ, ਤਲਾਕ, ਜਮੀਨੀ ਝਗੜੇ ਆਦਿ ਆਉਂਦੇ ਹਨ।

2. ਫੌਜਦਾਰੀ ਮੁਕੱਦਮੇ:- ਫੌਜਦਾਰੀ ਮੁਕੱਦਮੇ ਉਹ ਹੁੰਦ ਹਨ ਜਿੰਨ੍ਹਾਂ ਵਿੱਚ ਮਾੜ-ਧਾੜ, ਲੜਾਈ ਝਗੜੇ, ਗਾਲੀ-ਗਲੋਚ ਆਦਿ ਆਉਂਦੇ ਹਨ।

ਪ੍ਰ-4: ਢ.ੀ.੍ਰ. ਕਿੱਥੇ ਦਰਜ ਹੋ ਸਕਦੀ ਹੈ। ਢ.ੀ.੍ਰ. ਨਾ ਦਰਜ ਹੋਣ ਤੇ ਅਦਾਲਤ ਦੀ ਭੂਮਿਕਾ ਲਿਖੋ।

ਉੱਤਰ: ਐਫ.ਆਈ.ਆਰੀ. ਦਾ ਅਰਥ ਹੈ ਪੁਲਿਸ ਨੂੰ ਕਿਸੇ ਦੁਰਘਟਨਾ ਦੀ ਮੁੱਢਲੀ ਸੂਚਨਾ ਦੇਣਾ। ਇਹ ਸ਼ਿਕਾਇਤ ਨੇੜੇ ਦੇ ਪੁਲਿਸ ਕੇਂਦਰ ਵਿੱਚ ਦਰਜ ਕਰਾਈ ਜਾ ਸਕਦੀ ਹੈ।

ਜੇਕਰ ਕੋਈ ਵੀ ਪੁਲਿਸ ਕੇਂਦਰ ਕਿਸੇ ਨਾਗਰਿਕ ਦੀ ਰਿਪੋਰਟ ਦਰਜ ਨਹੀਂ ਕਰਦਾ ਤਾਂ ਸਾਡੇ ਸੰਵਿਧਾਨ ਵਿੱਚ ਇਹ ਦਰਜ ਹੈ ਕਿ ਕੋਈ ਵੀ ਅਦਾਲਤ ਪੁਲਿਸ ਨੂੰ ਐਫ.ਆਈ.ਆਰ. ਦਰਜ ਕਰਨ ਲਈ ਨਿਰਦੋਸ਼ ਦੇ ਸਕਦੀ ਹੈ। ਇਸ ਤੋਂ ਇਲਾਵਾ ਅਦਾਲਤ ਆਪ ਵੀ ਐਫ.ਆਈ.ਆਰ ਦਰਜ ਕਰਕੇ ਪੁਲਿਸ ਨੂੰ ਪੈਰਵੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।

ਪ੍ਰ-5) ਨਿਆਇਕ ਪੁਨਰ ਨਿਰੀਖਿਣ ਦੀ ਸ਼ਕਤੀ ਤੋਂ ਕੀ ਭਾਵ ਹੈ?

ਉੱਤਰ: ਨਿਆਪਾਲਿਕਾ ਪੁਨਰ ਨਿਰੀਖਣ ਨਿਆਪਾਲਿਕਾ ਦੀ ਵਿਸ਼ੇਸ਼ ਸ਼ਕਤੀ ਹੈ। ਜਿਸ ਅਨੁਸਾਰ ਨਿਆਂਪਾਲਿਕਾ ਦੇਖਦੀ ਹੈ ਕਿ ਕਾਰਜਪਾਲਿਕਾ ਦੁਆਰਾ ਜਾਰੀ ਕੀਤਾ ਗਿਆ ਆਦੇਸ਼ ਅਤੇ ਵਿਧਾਨਪਾਲਿਕਾ ਦੁਆਰਾ ਪਾਸ ਕੀਤਾ ਗਿਆ ਕੋਈ ਕਾਨੂੰਨ ਸੰਵਿਧਾਨ ਦੇ ਵਿਰੁੱਧ ਤਾਂ ਨਹੀਂ ਹੈ। ਇਸ ਤਰ੍ਹਾਂ ਨਿਆਂਪਾਲਿਕਾ ਸੰਵਿਧਾਨ ਦੀ ਪਹਿਰੇਦਾਰ ਬਣੀ ਹੋਈ ਹੈ।

## ਪਾਠ-29

## ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ

1ਪ੍ਰ:- ਸਮਾਜਿਕ ਅਸਮਾਨਤਾ ਤੋਂ ਤੁਸੀ ਕੀ ਸਮਝਦੇ ਹੋ?

ਉੱਤਰ:- ਜਾਤ, ਧਰਮ, ਭਾਸ਼ਾ ਦੇ ਆਧਾਰ „ਤੇ ਪਾਈਆਂ ਜਾਣ ਵਾਲੀਆਂ ਅਸਮਾਨਤਾਵਾਂ ਨੂੰ ਸਮਾਜਿਕ ਅਸਮਾਨਤਾ ਆਖਦੇ ਹਨ।

2ਪ੍ਰ:- ਜਾਤੀਵਾਦ ਅਤੇ ਛੂਤ-ਛਾਤ ਤੇ ਤੁਸੀ ਕੀ ਸਮਝਦੇ ਹੋ?

ਉੱਤਰ:- ਜਾਤੀਵਾਦ:- ਜਦੋਂ ਸਮਾਜ ਜਾਤ ਦੇ ਆਧਾਰ „ਤੇ ਉੂਚ-ਨੀਚ ਵਰਗਾਂ ਵਿੱਚ ਵੰਡਿਆ ਹੋਵੇ।

ਛੂਤ-ਵਾਦ:- ਪਿਛੜੀ ਜਾਤੀ ਦੇ ਲੋਕਾਂ ਨਾਲ ਨਫਰਤ ਅਤੇ ਛੂਹਣ ਦੀ ਮਨਾਹੀ ਨੂੰ ਛੂਤ-ਛਾਤ ਆਖਦੇ ਹਨ।

3ਪ੍ਰ:- ਭਾਸ਼ਾਵਾਦ ਤੋਂ ਤੁਸੀ ਕੀ ਸਮਝਦੇ ਹੋ?

ਉੱਤਰ:- ਭਾਸ਼ਾ ਦੇ ਨਾਮ „ਤੇ ਸਮਾਜ ਨੂੰ ਵੰਡਣ ਨੂੰ ਭਾਸ਼ਾਵਾਦ ਆਖਦੇ ਹਨ।

4ਪ੍ਰ:- ਰਾਖਵੇਂਕਰਨ ਦਾ ਕੀ ਅਰਥ ਹੈ?

ਉੱਤਰ:- ਰਾਖਵੇਂਕਰਨ ਦਾ ਅਰਥ ਹੈ- ਪਛੜੇ ਹੋਏ ਵਰਗਾਂ ਅਤੇ ਜਾਤਾਂ ਦੇ ਲੋਕਾਂ ਨੂੰ ਭਾਰਤੀ ਸੰਵਿਧਾਨ ਅਨੁਸਾਰ ਛੋਟਾਂ ਦੇਣਾ ਅਤੇ ਹਰੇਕ ਖੇਤਰ ਵਿੱਚ ਕੁੱਝ ਸੀਟਾਂ ਰਾਖਵੀਆਂ ਰੱਖਣਾ।

5ਪ੍ਰ:- ਕੀ ਮੈਲਾ ਢੋਣ ਦੀ ਪ੍ਰਥਾ ਬੰਦ ਹੋ ਗਈ ਹੈ?

ਉੱਤਰ:- ਹਾਂ, ਹੁਣ ਕਾਨੂੰਨ ਦੇ ਅਨੁਸਾਰ ਮੈਲਾ ਢੋਣ ਦੀ ਪ੍ਰਥਾ ਬੰਦ ਹੋ ਗਈ ਹੈ।

6ਪ੍ਰ:- ਅਨਪੜ੍ਹਤਾ ਦਾ ਲੋਕਤੰਤਰ „ਤੇ ਕੀ ਪ੍ਰਭਾਵ ਪੈਂਦਾ ਹੈ?

ਉੱਤਰ:- ਅਨਪੜ੍ਹਤਾ ਦੇ ਕਾਰਨ ਵਿਅਕਤੀ ਆਪਣੇ ਵੋਟ ਦੇ ਅਧਿਕਾਰ ਦੀ ਉਚਿਤ ਵਰਤੋਂ ਨਹੀਂ ਕਰਦਾ,

ਜਿਸ ਕਾਰਨ ਅਨਪੜ੍ਹਤਾ ਦਾ ਲੋਕਤੰਤਰ „ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (50-60) ਸ਼ਬਦਾਂ ਵਿੱਚ ਦਿਓ:-

1ਪ੍ਰ:- ਸੰਪਰਦਾਇਕਤਾਵਾਦ ਦੇ ਪ੍ਰਭਾਵਾਂ ਦਾ ਵਰਣਨ ਕਰੋ?

ਉੱਤਰ:- 1. ਧਰਮ ਤੇ ਅਧਾਰਤ ਰਾਜਨੀਤਕ ਦਲਾਂ ਦਾ ਨਿਰਮਾਣ 2. ਹਿੰਸਾ ਦੇ ਵਾਧੇ ਲਈ ਸੰਪਰਦਾਇਕਤਾ ਜਿੰਮੇਵਾਰ 3. ਮੰਤਰੀ-ਪ੍ਰਿਸ਼ਦ ਦਾ ਨਿਰਮਾਣ ਧਰਮ ਅਧਾਰਿਤ ਹੁੰਦਾ ਹੈ।

2ਪ੍ਰ:- ਸਰਵ-ਸਿੱਖਿਆ ਅਭਿਆਨ ਤੇ ਇੱਕ ਨੋਟ ਲਿਖੋ?

ਉੱਤਰ:- ਸਰਵ-ਸਿੱਖਿਆ ਅਭਿਆਨ ਅਧੀਨ ਅੱਠਵੀਂ ਜਮਾਤ ਤੱਕ ਦੇ ਸਾਰੇ ਬੱਚਿਆਂ ਲਈ ਮੁਫਤ ਅਤੇ ਜ਼ਰੂਰੀ ਸਿੱਖਿਆ ਲਾਜ਼ਮੀ ਕੀਤੀ ਗਈ ਹੈ। ਇਹਨਾਂ ਨੂੰ ਮੁਫ਼ਤ ਕਿਤਾਬਾਂ ਅਤੇ ਵਰਦੀਆਂ ਦਿੱਤੀਆਂ ਜਾਂਦੀਆਂ ਹਨ।

3ਪ੍ਰ:- ਸੀਮਾਂਤ ਗਰੁੱਪ ਕਿੰਨ੍ਹਾਂ ਨੂੰ ਕਿਹਾ ਜਾਂਦਾ ਹੈ? ਇਸਦੀਆਂ ਕਿਸਮਾਂ ਲਿਖੋ।

ਉੱਤਰ:- ਸਮਾਜਿਕ ਅਤੇ ਆਰਥਿਕ ਕਾਰਨਾਂ ਕਰਕੇ ਪੱਛੜੇ ਸਮੂੰਹਾਂ ਨੂੰ ਸੀਮਾਂਤ ਗਰੁੱਪ ਆਖਦੇ ਹਨ। ਇਹਨਾਂ ਦੀਆਂ ਕਿਸਮਾਂ ਹਨ:- ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਲੋਕ।

4ਪ੍ਰ:- ਜਾਤੀਵਾਦ ਦਾ ਭਾਰਤੀ ਲੋਕਤੰਤਰ „ਤੇ ਪ੍ਰਭਾਵ ਲਿਖੋ?

ਉੱਤਰ:- 1. ਜਾਤ ਦੇ ਆਧਾਰ „ਤੇ ਰਾਜਨੀਤਕ ਦਲਾਂ ਦਾ ਨਿਰਮਾਣ 2. ਜਾਤ ਤੇ ਆਧਾਰ „ਤੇ ਛੂਤ-ਛਾਤ 3. ਝਾਤ ਦੇ ਆਧਾਰ „ਤੇ ਵੋਟਾਂ ਮੰਗਣਾ।

5ਪ੍ਰ:- ਰਾਖਵਾਂਕਰਨ ਕੀ ਹੈ? ਰਾਖਵੇਂਕਰਨ ਦੀ ਲੋੜ ਕਿਉਂ ਹੈ?

ਉੱਤਰ:- ਧਾਰਾ- 330 ਅਤੇ ਧਾਰਾ 332 ਅਧੀਨ ਲੋਕ ਸਭਾ, ਰਾਜ ਸਭਾ ਅਤੇ ਹੋਰ ਸੰਸਥਾਵਾਂ ਵਿੱਚ ਪਛੜੇ ਵਰਗਾਂ ਤੇ ਜਾਤਾਂ ਲਈ ਸੀਟਾਂ ਰਾਖਵੇਂ ਰੱਖਣ ਦੀ ਵਿਵਸਥਾ ਨੂੰ ਰਾਖਵਾਂਕਰਨ ਆਖਦੇ ਹਨ।ਪਛੜੇ ਵਰਗਾਂ ਨੂੰ ਦੂਜੇ ਵਰਗਾਂ ਦੇ ਬਰਾਬਰ ਕਰਨ ਲਈ ਸੰਵਿਧਾਨ ਵਿੱਚ ਰਾਖਵੇਂਕਰਨ ਦੀ ਲੋੜ ਪਈ1

**********************

ਅਮਰਪ੍ਰੀਤ ਕੌਰ, ਬੀ. ਐਮ ਅੰਗਰੇਜੀ/ ਐਸ.ਐਸ.ਟੀ

ਬਲਾਕ ਰਈਆ-1, ਅੰਮ੍ਰਿਤਸਰ 1

ਇੰਦਰਜੀਤ ਸਿੰਘ, ਬੀ. ਐਮ ਅੰਗਰੇਜੀ/ ਐਸ.ਐਸ.ਟੀ

ਬਲਾਕ ਵੇਰਕਾ, ਅੰਮ੍ਰਿਤਸਰ 1